ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



(Page 172 to 187)

# ਕਹਾਣੀ:- ਰਾਹ ਕੋਈ ਹੋਰ ਵੀ ਹੋਣੈ



ਲੇਖਕ
ਅਤਰਜੀਤ
+91 94634-03848

ਕੋਈ ਕਹਿੰਦਾ ਸੀ ਅਵਤਾਰ ਸਿਉਂ ਦੀ ਕੁੜੀ ਜੀਤੀ ਦੇ ਦਿਮਾਗ਼ ਵਿੱਚ ਫ਼ਰਕ ਪੈ ਗਿਆ। ਕੋਈ ਅੰਧ-ਵਿਸ਼ਵਾਸੀ ਆਖਦਾ ਸੀ- "ਕੁੜੀ ਵਿਚ ਕੋਈ ਸਿੱਖ ਸ਼ਹੀਦ ਆ ਗਿਐ।" ਜੀਤੀ ਹੁਣ ਪਹਿਲਾਂ ਵਾਲੀ ਜੀਤੀ ਨਹੀਂ ਸੀ ਰਹੀ- "ਵਾਹਿਗੁਰੂ ਜੀ ਕਾ ਖ਼ਾਲਸਾ! ਵਾਹਿਗੁਰੂ ਜੀ ਕੀ ਫ਼ਤਿਹ।"

ਕੇਸਰੀ ਰੰਗ ਦੀ ਦਸਤਾਰ ਤੇ ਉੱਪਰ ਨੀਲਾ ਅੰਬਰਸਰੀ ਦੁਪੱਟਾ, ਕਮੀਜ਼ ਦੇ ਹੇਠੋਂ ਦੀ ਪਾਈ ਕਿਰਪਾਨ, ਤਿਆਰ-ਬਰ-ਤਿਆਰ ਸਿੰਘਣੀ ਹਰੀਜਤ ਕੌਰ ਘਰੋਂ ਦੌੜ ਜਾਂਦੀ। ਮਾਂ ਉਸ ਨੂੰ ਕਦੀ ਗੁਰਦੁਆਰੇ ਦੀ ਪਰਕਰਮਾ 'ਚੋਂ ਕਦੀ ਦਰਬਾਰ ਸਾਹਿਬ ਵਿਚੋਂ ਗੁੰਮ ਸੁੰਮ ਹੋਈ ਨੂੰ ਫੜ ਕੇ ਘਰ ਲਿਆਉਂਦੀ।

ਹਰਜੀਤ ਕੌਰ ਦੀ ਮਨੋਦਸ਼ਾ ਕੁੱਝ ਅਜਿਹੀ ਹੋ ਚੁੱਕੀ ਸੀ ਕਿ ਜਦੋਂ ਉਹ ਅਰਦਾਸ ਕਰਦੀ ਸ਼ਹੀਦਾਂ, ਮੁਰੀਦਾਂ, ਹੱਠੀਆਂ, ਤਪੀਆਂ ਵਾਲੇ ਵਾਕਾਂ 'ਤੇ ਆਉਂਦੀ ਤਾਂ ਅੱਖਾਂ ਉਪਰ ਹੱਥ ਰੱਖ ਕੇ ਉਹ ਧਾਂਹੀ ਉਤਰ ਆਉਂਦੀ। ਪਰਲ-ਪਰਲ ਅੱਥਰੂ ਉਸਦੀਆਂ ਗੱਲਾਂ 'ਤੇ ਵਹਿ ਤੁਰਦੇ। ਉਸਦੀ ਅਰਦਾਸ ਵਿੱਚ ਵਿਘਨ ਪੈ ਜਾਂਦਾ। ਉਸ ਕੋਲੋਂ ਕਿਸੇ ਤਰ੍ਹਾਂ ਵੀ ਸਹਿਜ ਨਾ ਹੋਇਆ ਜਾਂਦਾ।

ਘਰਦਿਆਂ ਵੱਲੋਂ ਰਤਾ ਕੁ ਵਿਰਲ ਮਿਲਦੀ ਜਾਂ ਉਹ ਮਾਮੂਲੀ ਜਿਹੀ ਵੀ ਬੇਧਿਆਨੀ ਕਰਦੇ-ਉਹ ਮੌਕੇ ਦਾ ਫ਼ਾਇਦਾ ਉਠਾ ਕੇ, ਘਰੋਂ ਭੱਜ ਜਾਂਦੀ ਅਤੇ ਹਰ ਅੰਮ੍ਰਿਤਧਾਰੀ ਦੇ ਅੱਗੇ ਹੋ-ਹੋ ਉਚੀ-ਉਚੀ ਫ਼ਤਿਹ ਬੁਲਾਉਂਦੀ- "ਵਹਿਗੁਰੂ ਜੀ ਕਾ ਖਾਲਸਾ! ਵਹਿਗੁਰੂ ਜੀ ਕੀ ਫਤਿਹ!"

ਉਹ ਕਦੀ ਕਿਸੇ ਸਿੰਘ ਵਿਅਕਤੀ ਮੂਹਰੇ ਹੱਥ ਜੋੜਦੀ, ਉਸਦੇ ਦੋਵੇਂ ਹੱਥ ਫੜ-ਫੜ ਕੇ ਖਿੱਚਦੀ-ਪਵਿੱਤਰਤਾ ਦੀ ਹੱਦ ਤੱਕ ਨਿਰਮਲ, ਨਿਸ਼ਕਪਟ ਅਤੇ ਨਿਰਛਲ ਬਾਬੇ ਨਾਨਕ ਦੀ ਤਸਵੀਰ ਵਿਚਲੇ ਵਿਸਮਾਦੀ ਨੈਣਾਂ ਵਾਂਗ, ਉਹ ਕਦੀ ਅੱਧ-ਮੀਟੀਆਂ, ਅੱਧ-ਖੁੱਲ੍ਹੀਆਂ ਅੱਖਾਂ ਨਾਲ ਸਿੰਘ ਵਿਅਕਤੀ ਦੀਆਂ ਅੱਖਾਂ ਵਿੱਚ ਝਾਕਦੀ- "ਸਿੰਘ ਸਾਹਿਬ!" ਉਸਦੇ ਮੂੰਹੋਂ ਬਹੁਤ ਹੀ ਮਧੁਰ ਸੁਰ ਵਿਚ ਇਹ ਸ਼ਬਦ ਨਿਕਲ਼ਦੇ- "ਸਿੰਘ ਸਾਹਿਬ! ਮੇਰੇ 'ਤੇ ਕਿਰਪਾ ਕਰੋ - ਮੈਨੂੰ ਕੋਈ ਸਿੰਘ ਮੁੰਡਾ ਲੱਭ ਕੇ ਦਿਉ... ਗੋਲ਼ ਦਸਤਾਰ ਵਾਲ਼ਾ-ਸਿੱਖੀ ਦੀ ਮੁਕੰਮਲ ਮਰਿਆਦਾ ਪਾਲਣ ਵਾਲ਼ਾ। ਜਿਸਦੀ ਮੈਂ ਸਿੰਘਣੀ ਬਣ ਸਕਾਂ।" ਉਹ ਅਗਲੇ ਦੇ ਤਰਲੇ ਕਰਨ ਲੱਗਦੀ- "ਬੱਸ ਸਿੰਘ ਮੁੰਡਾ ਲੱਭ ਦਿਉ, ਗੋਲ ਦਸਤਾਰ ਵਾਲਾ... ਲੱਭ ਦਿਉਗੇ

ਨਾ...ਦੱਸੋ ਵੀ...?" ਫਿਰ ਉੱਥੋਂ ਤੁਰਨ ਲੱਗੀ ਆਖ ਦਿੰਦੀ- "ਜੇ ਇਹ ਸਿੰਘ ਹੁੰਦਾ ਤਾਂ ਜਵਾਬ ਨਾ ਦਿੰਦਾ।"

ਉਸਦੇ ਮੂੰਹੋਂ ਇਹ ਸ਼ਬਦ ਕਿਰਦੇ, ਬੁੱਲ੍ਹਾਂ ਵਿੱਚ ਕੰਬਣੀ ਛਿੜਦੀ ਅਤੇ ਕਿਸੇ ਵਿਸਮਾਦ ਅਤੇ ਵੈਰਾਗ ਜਿਹੇ ਦੀ ਸਥਿਤੀ ਵਿੱਚ ਉਹ ਅੱਖਾਂ ਮੁੰਦ ਲੈਂਦੀ। ਅੱਥਰੂ ਵਹਾਉਂਦੀ ਉਹ ਹੇਠਲੇ ਬੁੱਲ੍ਹ ਨੂੰ ਜ਼ੋਰ ਨਾਲ ਦੰਦਾਂ ਵਿੱਚ ਨਪੀੜਦੀ। ਦੋਵੇਂ ਹੱਥ ਜੋੜ ਕੇ ਮੱਥੇ ਨੂੰ ਛੁਹਾਉਂਦੀ- "ਮੈਂ ਕਿਸੇ ਕਰਹਿਤੀਏ ਦੀ ਸਿੰਘਣੀ ਨਹੀਂ ਬਣਨਾ... ਮੈਨੂੰ ਕੋਈ ਸਿੰਘ ਮੁੰਡਾ ਲੱਭ ਦਿਓ ਮਰਿਆਦਾ ਪਰਸ਼ੋਤਮ, ਗੋਲ ਦਸਤਾਰ ਵਾਲਾ... ਕੋਈ ਸਿੰਘ ਮੁੰਡਾ ਲੱਭ ਦਿਉ, ਗੋਲ ਦਸਤਾਰ ਵਾਲਾ।"

ਅੱਗੋਂ ਮਿਲਿਆ ਸਿੰਘ ਵਿਅਕਤੀ ਆਪਣੇ ਆਪ ਨੂੰ ਕਸੂਤੀ ਸਥਿੱਤੀ ਵਿੱਚ ਪਿਆ ਮਹਿਸੂਸ ਕਰਦਾ। ਉਹ ਕੁੜੀ ਕੋਲੋਂ ਇੱਕ ਦਮ ਖਿਸਕਣਾ ਚਾਹੁੰਦਾ। ਉਹ ਕੁੜੀ ਦਾ ਹੱਥ ਥੰਮ੍ਹ ਲੈਣ ਦੀ ਭਾਵਨਾ ਤੇ ਕਾਬੂ ਪਾਉਂਦਾ, ਉਸਦੇ ਬੁੱਲ੍ਹਾਂ ਤੇ ਓਪਰੀ ਜਿਹੀ ਹਾਸੀ ਭਰੀ ਪੀਲੀ ਮੁਰਦੇਹਾਣੀ ਛਾ ਜਾਂਦੀ ਤੇ ਉਹ ਕੁੜੀ ਦੀਆਂ ਨਜ਼ਰਾਂ ਦਾ ਟਾਕਰਾ ਨਾ ਕਰ ਸਕਦਾ। ਦਿਲ ਵਿੱਚ ਕੁੱਝ-ਕੁੱਝ ਧੁੜਕੂ ਤੇ ਕੁੜੀ ਪ੍ਰਤੀ ਕੁੱਝ-ਕੁੱਝ ਪਿਆਰ ਅਤੇ ਤਰਸ ਦੇ ਰਲੇ-ਮਿਲੇ ਭਾਵ ਲੈ ਕੇ ਉਹ ਉੱਥੋਂ ਖਿਸਕ ਜਾਂਦਾ ਪਰ ਕੁੜੀ ਦਾ ਅਣਭੋਲਪੁਣਾ ਕੁਆਰਾ ਰੂਪ ਉਸਦੇ ਹਿਰਦੇ ਵਿੱਚ ਤੁਣਕੇ ਮਾਰਦਾ। ਜਦ ਉਹ ਕੁੜੀ ਦੇ ਸਿਰ 'ਤੇ ਹੱਥ ਰੱਖ ਕੇ, ਰੱਖ ਕੇ ਨਹੀਂ ਪੋਲਾ ਜਿਹਾ ਛੁਹਾ ਕੇ, ਉਸ ਤੋਂ ਆਪਣਾ ਹੱਥ ਛੁਡਾਉਂਦਾ ਤਾਂ ਵੀ ਉਸਦੇ ਹਿਰਦੇ ਵਿਚ ਪਿਆਰ ਤਰੰਗਾਂ ਅਤੇ ਅਪਰਾਧੀ ਭਾਵ ਅਤੇ ਰੱਬ ਦਾ ਭੈਅ ਬਰਾਬਰ ਜੰਗ ਛੇੜ ਰਹੇ ਹੁੰਦੇ। "ਝੱਲੀ ਕੁੜੀ!" ਬੱਸ ਉਸਦੇ ਮੂੰਹ ਤਾਂ ਇੱਕ ਵਾਰ ਇਹੋ ਸ਼ਬਦ ਹੀ ਨਿੱਕਲਿਆ ਸੀ ਜਿਸ ਦੀ ਤਾਨ, ਜੀਤੀ ਆਪਣੇ ਕੰਨਾਂ ਵਿੱਚ ਦੇਰ ਤੱਕ ਸੁਣਦੀ ਰਹੀ ਸੀ-"ਵਾਹਿਗੁਰੂ ਬਖਸ਼ ਲੈ ਮੇਰੇ ਸਤਿਗੁਰੂ।" ਆਦਿ।

ਅੱਜ ਵੀ ਰੋਜ਼ ਵਾਂਗ ਉਹ ਉੱਥੇ ਇਕੱਲੀ ਰਹਿ ਗਈ ਸੀ। ਉਸ ਨੂੰ ਜਾਪਦਾ ਸੀ ਕਿ ਜਿਵੇਂ ਹਰ ਕੋਈ ਰਾਹ-ਗੁਜ਼ਰ ਕਿਸੇ ਹੋਰ ਹੀ ਧਾਰਾ ਵਿੱਚ ਵਹਿ ਰਿਹਾ ਹੈ। ਫਿਰ ਉਸ ਨੂੰ ਸ਼ੱਕ ਪਿਆ ਸੀ ਕਿ ਵਕਤ ਦੀ ਪ੍ਰਮੁੱਖ ਧਾਰਾ 'ਚੋਂ ਕਿਤੇ ਉਹ ਹੀ ਇਕੱਲੀ ਰਹਿ ਗਈ ਹੈ। ਉਸਦੇ ਖ਼ਿਆਲਾਂ ਦਾ ਸਿੰਘ ਵਿਅਕਤੀ ਕਿਉਂ ਉਸ ਤੋਂ ਦੂਰ ਜਾਈ ਜਾਂਦਾ ਸੀ? ਇਸ ਪ੍ਰਸ਼ਨ ਦੇ ਉਤਰ ਦੀਆਂ ਉਸਨੇ ਲੱਖ-ਲੱਖ ਜਤਨ ਕਰਕੇ ਕੰਨੀਆਂ ਫੜਨ ਦਾ ਜਤਨ ਕੀਤਾ-ਪਰ ਇਹ ਪ੍ਰਸ਼ਨ ਹੀ ਜਿਵੇਂ ਨਿਰਮਲ ਜਲ ਵਿੱਚ ਤਰਦੀ ਇੱਕ ਸੂਖਮ ਮੱਛੀ ਸੀ ਉਸਦੇ ਹੱਥ ਆਉਂਦੀ ਹੀ

ਹੱਥਾਂ 'ਚੋਂ ਤਿਲਕ ਜਾਂਦੀ ਸੀ। ਉਹ ਇਨ੍ਹਾਂ ਨੂੰ ਫੜਨ ਦਾ ਜਤਨ ਕਰਦੀ ਪਰ ਬੇਵੱਸੀ ਤੇ ਲਾਚਾਰੀ ਹੀ ਪੱਲੇ ਪੈਂਦੀ।

ਦੂਰ ਸੜਕ ਉੱਤੇ ਜਿੱਥੋਂ ਤੱਕ ਉਸਦੀ ਨਿਗਾਹ ਜਾ ਸਕਦੀ ਸੀ-ਬੇਹੱਦ ਭੀੜ ਦੇ ਬਾਵਜੂਦ ਉਸ ਨੂੰ ਆਪਣਾ ਆਪ ਸੁੰਨ-ਮਸਾਨ ਥਾਂ ਉੱਤੇ ਧੁੰਦੂਕਾਰ ਵਿੱਚ ਘਿਰਿਆ ਦਿਖਾਈ ਦਿੰਦਾ ਸੀ। ਦੂਰ, ਤੱਕ ਕੋਠੀਆਂ ਬੰਗਲੇ ਨਜ਼ਰ ਆਉਂਦੇ। ਕੇਸੀਆਂ ਵਾਲੇ ਗੱਭਰੂ ਮੁੰਡੇ ਸਕੂਟਰਾਂ, ਕਾਰਾਂ 'ਤੇ ਘੁੰਮਦੇ ਦਿਸਦੇ, ਫਿਰ ਵੀ ਉਸ ਨੂੰ ਸਭ ਪਾਸੀਂ ਮੁਰਦੇਹਾਣ ਤੇ ਅਸੀਮ ਧੁੰਦੂਕਾਰ ਹੀ ਦਿਸਦਾ ਸੀ। ਉਹ ਅੱਖਾਂ ਝਮਕ-ਝਮਕ ਕੇ ਅਤੇ ਕਦੇ ਅੱਖਾਂ ਪਾੜ-ਪਾੜ ਕੇ ਵੇਖਦੀ ਪਰ ਕਿਧਰੋਂ ਉਸਨੂੰ ਆਪਣੇ ਸੁਪਨਿਆਂ ਦਾ ਸਿੰਘ ਮੁੰਡਾ ਨਜ਼ਰੀ ਨਾ ਪੈਂਦਾ।

ਉਸ ਨੇ ਬੀ ਜੀ ਦੀ ਬੁੱਕਲ ਵਿੱਚ ਸਿਰ ਰੱਖ ਕੇ ਬੁੱਕ-ਬੁੱਕ ਅੱਥਰੂ ਵਹਾਉਂਦਿਆਂ ਆਪਣੀ ਮੰਗ ਦੁਹਰਾਈ ਸੀ ਪਰ ਆਪਣੀ ਧੀ ਜੀਤੀ ਦੇ ਗੂੜ੍ਹ ਗਿਆਨ ਦੀ ਬੀ ਜੀ ਨੂੰ ਕਿਧਰੇ ਕੰਨੀ ਨਹੀਂ ਸੀ ਲੱਭੀ। ਅੱਧ-ਪੜ੍ਹੀ ਔਰਤ ਨੂੰ ਸਮਝ ਨਹੀਂ ਸੀ ਪਈ ਕਿ ਉਹ ਸਿੰਘ ਵਿਅਕਤੀ ਕਿਹੋ ਜਿਹਾ ਹੋਵੇਗਾ? ਘਰ ਵਿੱਚ ਪਏ ਗ੍ਰੰਥ ਤੇ ਇਤਿਹਾਸਕ ਪੁਸਤਕਾਂ ਪੜ੍ਹ ਕੇ ਉਸ ਦਾ ਤਾਂ ਦਿਮਾਗ਼ ਹੀ ਚੱਕਿਆ ਗਿਆ ਸੀ। ਹੁਣ ਕਹਿਣ ਲੱਗ ਪਈ- "ਅਜਿਹਾ ਸਿੰਘ ਜਿਸਦੀ ਸੀਰਤ ਵਿੱਚ ਬਾਬੇ ਨਾਨਕ ਦਾ ਸਿਧਾਂਤ ਡੂੰਘਾ ਉੱਤਰਿਆ ਹੋਵੇ-ਜਿਸ ਵਿੱਚ ਅਰਜਨ ਪਾਤਸ਼ਾਹ ਜਿਹਾ ਸੰਜਮ ਤੇ ਨੌਵੇਂ ਗੁਰੂ ਜਿਹਾ ਧੀਰਜ ਹੋਵੇ ਅਤੇ ਜਿਸ ਵਿੱਚ ਦਸਵੇਂ ਪਾਤਸ਼ਾਹ ਜਿਹਾ ਬਲੀਦਾਨ ਹੋਵੇ। ਉਨ੍ਹਾਂ ਦੀ ਧੀ ਇਹ ਕੀ ਕਹਿ ਰਹੀ ਸੀ? ਇਹੋ ਜਿਹੀਆਂ ਗੱਲਾਂ ਸੱਚਮੁੱਚ ਕੋਈ ਔਲ੍ਹੀਆ, ਪੈਗੰਬਰ ਹੀ ਕਰ ਸਕਦਾ ਸੀ ਜਾਂ ਕੋਈ ਪਾਗ਼ਲ ਪਰ ਬੀ ਜੀ ਇਹ ਵੀ ਤਾਂ ਵੇਖ ਰਹੀ ਸੀ ਕਿ ਕੁੜੀ ਸਹਿਜ ਰਹਿ ਕੇ ਗੱਲ ਕਰਦੀ ਸੀ। ਲੋਕ ਭਾਖਾ ਮੁਤਾਬਕ ਕੀ ਸੱਚ-ਮੁੱਚ ਹੀ ਉਸ ਵਿੱਚ ਕੋਈ ਸ਼ਹੀਦ ਪਰਵੇਸ਼ ਕਰ ਗਿਆ ਸੀ? ਬੀ ਜੀ ਦੇ ਦਿਮਾਗ਼ ਵਿੱਚ ਕੁੱਝ ਵੀ ਸਪੱਸ਼ਟ ਨਹੀਂ ਸੀ। ਉਹ ਤਾਂ ਸੁਣਦੇ ਸਾਰ ਪੱਤ ਵਾਂਗ ਡੋਲ ਗਏ ਸਨ। ਫ਼ਿਕਰ ਦੇ ਮਾਰੇ ਉਨ੍ਹਾਂ ਦੀ ਜਾਨ ਸੂਤੀ ਗਈ ਸੀ। ਉਨ੍ਹਾਂ ਨੇ ਜੀਤੀ ਦੇ ਪਾਪਾ ਜੀ ਅੱਗੇ ਰੋਣਾ ਰੋਇਆ ਸੀ- "ਜੀਤੀ ਦੇ ਪਾਪਾ ਕੁੜੀ ਤਾਂ ਗੱਲਾਂ ਈ ਹੋਰ ਕਰਦੀ ਐ-ਮੇਰੀ ਤਾਂ ਕੋਈ ਗੱਲ ਸਮਝ ਵਿੱਚ ਈ ਨੀ ਆਉਂ ਦੀ। ਕਿੱਥੋਂ ਲਿਆਈਏ ਇਹਦੀ ਮਰਜ਼ੀ ਦਾ ਸਿੰਘ?"

ਭਾਵੇਂ ਪਤਾ ਸੀ ਪਰ ਪਤਨੀ ਕੋਲੋਂ ਜੀਤੀ ਬਾਰੇ ਸੁਣ ਕੇ ਇਕ ਵਾਰ ਤਾਂ ਅਵਤਾਰ ਸਿਉਂ ਦੇ ਵੀ ਪੈਰਾਂ ਹੇਠੋਂ ਮਿੱਟੀ ਨਿੱਕਲ ਗਈ ਸੀ- "ਹੋਰ ਨਾ ਕਿਤੇ ਕੁੜੀ ਨੇ ਕੋਈ ਖੂਹ ਪੱਟਤਾ ਹੋਵੇ। ਸਰਵਣ ਸਿਉਂ ਦੀ ਲਾਲੀ ਬਾਰੇ ਉਸ ਨੇ ਸੁਣਿਆ ਸੀ ਕਿ ਉਹ ਗੋਲ ਦਸਤਾਰ ਵਾਲੇ

ਇਕ ਕੀਰਤਨੀਏ ਤੋਂ ਕੀਰਤਨ ਸਿੱਖਦੀ ਹੁੰਦੀ ਸੀ। ਆਖੰਡ ਪਾਠਣ ਵੀ ਬਣ ਗਈ ਸੀ। ਅੱਜ ਉਸ ਦੇ ਮਾਪੇ ਦੁਹੱਥੜੀਂ ਪਿੱਟਦੇ ਸਨ। ਇੱਜ਼ਤ ਤਾਂ ਉਨ੍ਹਾਂ ਨੇ ਢਕ ਈ ਲਈ... ਉਹ ਕੁਛ ਹੋ ਗਿਆ ਜੋ ਨਹੀਂ ਸੀ ਹੋਣਾ ਚਾਹੀਦਾ... ਹਾਰ ਕੇ ਮਾਪਿਆਂ ਨੇ ਉਸੇ ਦਸਤਾਰ ਵਾਲੇ ਕੀਰਤਨੀਏ ਨਾਲ ਸ਼ਾਦੀ ਕਰ ਦਿੱਤੀ। ਹੋਰ ਕਰਦੇ ਵੀ ਕੀ?

ਕੁੜੀ ਪੰਜਾਬੀ ਦੀ ਐਮ. ਏ. ਤੇ ਕੀਰਤਨੀਆ ਸਿੰਘ ਸਿਰਫ਼ ਪਾਠੀ ਤੇ ਜਾਂ ਫਿਰ ਕੀਰਤਨੀਆ। “ਸਹੁਰੀਏ ਜੇ ਡਿੱਗਣਾ ਈ ਸੀ ਤਾਂ ਕਿਤੇ ਚੱਜ ਦੇ ਥਾਂ ਤਾਂ ਡਿੱਗਦੀ... ਕਿਸੇ ਵੱਡੇ ਵਿਦਵਾਨ ਦੇ ਲੜ ਲੱਗਦੀ। ਉਹਦੇ ਕੀਰਤਨ ’ਤੇ ਹੀ ਮਾਇਲ ਹੋ ਗਈ।” ਇਹੋ ਜਿਹੀਆਂ ਅਨੇਕਾਂ ਗੱਲਾਂ ਗਲ਼ੀਆਂ ਦੇ ਕੰਧਾਂ ਕੋਲ਼ਿਆਂ ਨਾਲ਼ ਵੱਜ ਰਹੀਆਂ ਸਨ, “ਐਡੇ ਘਰ ਦੀ ਧੀ-ਤੇ ਕੀ ਦਾ ਕੀ ਬਣ ਗਿਆ?”

ਇਕ ਦਿਨ ਪਾਪਾ ਜੀ ਤੇ ਬੀ ਜੀ ਨੇ ਆਪ ਸੁਣਿਆ। ਜੀਤੀ ਕਹਿ ਰਹੀ ਸੀ-”ਅਕਾਲ ਪੁਰਖ ਵਾਹਿਗੁਰੂ ਨੇ ਮੈਨੂੰ ਕਿਸ ਰਾਹ ’ਤੇ ਤੋਰ ਦਿੱਤੈ? ਮੈਂ ਕਿਉਂ ਇਕੱਲੀ ਹੀ ਭਟਕਣ ਵਿੱਚ ਰਹਿ ਗਈ ਆਂ... ਕਿਉਂ ਕੋਈ ਮੇਰੇ ਨਾਲ਼ ਨਹੀਂ ਰਲ਼ਦਾ... ਕਿਉਂ ਕੋਈ ਮੈਨੂੰ ਆਪਣੇ ਨਾਲ਼ ਨਹੀਂ ਰਲ਼ਾਉਂਦਾ” ਇਸ ਤਰ੍ਹਾਂ ਉਹ ਆਪਣੇ ਆਪ ਨਾਲ਼ ਹੀ ਖਹਿਭੜਦੀ ਰਹਿੰਦੀ ਸੀ।

ਇੱਕ ਦਿਨ ਏਸੇ ਤਰ੍ਹਾਂ ਘਰੋਂ ਤੁਰ ਪਈ ਸੀ। ਅਵਤਾਰ ਸਿਉਂ ਨੇ ਉਸਦੀ ਬੀ ਜੀ ਨੂੰ ਕਿਹਾ ਸੀ-”ਜਾਹ ਤੂੰ ਮਗਰ ਜਾਹ, ਵੇਖ ਭਲਾ।” ਜੀਤੀ ਵਾਹਿਗੁਰੂ ਵਾਹਿਗੁਰੂ ਕਰਦੀ ਗੁਰਦੁਆਰੇ ਦੀ ਸੜਕ ਮੁੜ ਗਈ ਸੀ।

ਡਿਉਢੀ ਅੱਗੇ ਬਣੇ ਚੁਬੱਚੇ ਵਿੱਚ ਉਹ ਪੈਰ ਪਾ ਕੇ ਅੱਗੇ ਲੰਘ ਗਈ ਸੀ। ਟੂਟੀ ਉਪਰ ਹੱਥ ਮੂੰਹ ਧੋ ਕੇ ਉਹ ਤੱਪੜ ਉਪਰ ਮਲ੍ਹਕ ਮਲ੍ਹਕ ਤੁਰਦੀ, ਦਰਬਾਰ ਸਾਹਿਬ ਦੀ ਪਰਕਰਮਾ ਕਰਦੀ, ਫਿਰ ਮਾਰਾਜ ਦੀ ਹਜ਼ੂਰੀ ਵਿੱਚ ਅੱਖਾਂ ਮੁੰਦ ਕੇ, ਹੱਥ ਜੋੜੀ ਖੜ੍ਹੀ ਰਹੀ ਸੀ। ਅਰਦਾਸ ਕਰ ਕੇ ਕਿੰਨਾਂ ਹੀ ਚਿਰ ਕੂਲੇ-ਕੂਲੇ ਰੁਮਾਲਿਆਂ ਉਪਰ ਮੱਥਾ ਟਿਕਾਈ ਗੋਡਿਆਂ ਭਾਰ ਝੁਕੀ ਰਹੀ ਸੀ। ਤੇ ਫਿਰ ਕਮਰਿਆਂ ਵੱਲ ਹੋਈ ਜਿੱਥੇ ਉਸ ਦੀ ਗੋਲ਼ ਦਸਤਾਰ ਵਾਲ਼ੇ ਸਿੰਘ ਨਾਲ਼ ਮੁਲਾਕਾਤ ਹੋਈ ਸੀ ਪਰ ਉਹ ਸਿੰਘ ਤਾਂ ਉਸ ਨੂੰ ਕਿਤੇ ਵੀ ਨਾ ਲੱਭਾ।

ਜੀਤੀ ਨੂੰ ਬੀ ਜੀ ਦੀ ਹਾਜ਼ਰੀ ਦਾ ਕੋਈ ਇਲਮ ਨਹੀਂ ਸੀ। ਉਸਦੀ ਚੇਤਨਾ ਵਿੱਚ ਤਾਂ ਬੱਸ ਇਕੋ ਆਕਾਰ ਸਾਕਾਰ ਹੋ ਚੁੱਕਾ ਸੀ-ਚਿੱਟਾ ਚੋਲਾ, ਕਾਲੀ ਗੋਲ਼ ਦਸਤਾਰ, ਗਾਤਰੇ ਕਿਰਪਾਨ, ਤੇੜ ਗੋਡਿਆਂ ਤਕ ਕਛਹਿਰਾ ਤੇ...ਕਰਨੀ ਦਾ ਪੂਰਾ ਸਿੰਘ। ਉਹ ਅੱਖਾਂ ਖੋਲ੍ਹੀ

ਬੈਠੀ ਰਹੀ ਪਰ ਆਕਾਰ ਉਸਦੀ ਚੇਤਨਾ ਦੀ ਪਕੜ 'ਚੋਂ ਨਿਰਮਲ ਜਲ ਵਿਚਲੀ ਮੱਛੀ ਵਾਂਗ ਤਿਲਕ ਗਿਆ। "ਤੈਂਡੀ ਬੰਦਸਿ ਮੈਂ ਕੋਈ ਨਾ ਡਿਠਾ ਤੂ ਨਾਨਕ ਮਨਿ ਭਾਣਾ।। ਘੁਲਿ ਘੁਮਾਈ ਤਿਸ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ।।" ਸ਼ਬਦ ਬੀਜੀ ਦੇ ਕੰਨੀਂ ਪਏ।

"ਜੀਤੀ ਬੇਟਾ!" ਜੀਤੀ ਦੇ ਕੰਨੀਂ ਬੀ ਜੀ ਦੇ ਬੋਲ ਪਏ...ਜੀਤੀ ਜਿਵੇਂ ਨੀਂਦ ਵਿਚੋਂ ਜਾਗੀ ਹੋਵੇ। ਬੋਲ ਬੀ ਜੀ ਦੇ ਹੀ ਸਨ। ਜੀਤੀ ਨੇ ਉੱਪਰ ਵੇਖਿਆ, ਬੀ ਜੀ ਕਹਿ ਰਹੇ ਸਨ- "ਜੀਤੀ ਬੇਟਾ! ਚਲੋ ਘਰ ਚਲੋ, ਜਦੋਂ ਆਉਣਾ ਹੋਵੇ, ਦੱਸ ਤਾਂ ਆਇਆ ਕਰ ਧੀਏ...ਮੈਂ ਨਾਲ ਆ ਜਾਂਦੀ... ਮਾੜੇ ਕਰਮਾਂ ਵਾਲ਼ੀ... ਚੱਲ ਮੇਰੀ ਬੀਬੀ ਧੀ।"

ਜੀਤੀ ਬੀ ਜੀ ਦੀ ਬੁੱਕਲ ਵਿੱਚ ਸਿਰ ਸੁੱਟ ਕੇ ਕਿੰਨਾ ਹੀ ਚਿਰ ਰੋਂਦੀ ਰਹੀ।

ਜੀਤੀ ਦੇ ਘਰ ਦੇ ਦਰਮਿਆਨੇ ਦਰਜ਼ੇ ਦੇ ਕਿਸਾਨ ਸਨ। ਉਨ੍ਹਾਂ ਦਾ ਪਿੰਡ ਸ਼ਹਿਰ ਦੀ ਵੱਖੀ ਨਾਲ਼ ਲੱਗਦਾ ਸੀ। ਪਿੰਡ ਵਿੱਚ ਕਈ ਅੰਮ੍ਰਿਤਧਾਰੀਆਂ ਦੇ ਘਰ ਵੀ ਸਨ ਸਹਿਜਧਾਰੀਆਂ ਤੇ ਖੁੱਲ੍ਹਿਆਂ ਦੇ ਵੀ-ਪਰ ਜਿਵੇਂ ਸਾਰੇ ਲੋਕ ਇੱਕੋ ਭਾਈਚਾਰੇ ਵਿੱਚ ਪਰੋਏ ਹੋਏ ਸਨ-ਇਕ ਦਰਖ਼ਤ ਦੀਆਂ ਵੱਖ-ਵੱਖ ਟਾਹਣੀਆਂ ਵਾਲੀ ਗੱਲ ਢੁਕਦੀ ਸੀ।

ਪਿੰਡ ਦੇ ਗੁਰਦੁਆਰੇ ਦਾ ਪ੍ਰਬੰਧਕ ਮਹੰਤ ਚੰਨਣ ਸਿੰਘ ਹਰ ਰੋਜ਼ ਆਥਣ ਨੂੰ ਕਥਾ ਕਰਦਾ ਹੁੰਦਾ ਸੀ। ਅਵਤਾਰ ਸਿਉਂ ਨਿਤਨੇਮ ਨਾਲ ਕਥਾ ਸੁਣਨ ਜਾਂਦਾ ਹੁੰਦਾ ਸੀ-ਪਰ ਚੰਨਣ ਸਿੰਘ ਮਹੰਤ ਦੇ ਸੁਰਗਵਾਸ ਹੋਣ ਤੋਂ ਬਾਅਦ ਕਿਸੇ ਨੇ ਕਥਾ ਨੂੰ ਤਾਂ ਅੱਗੇ ਨਾ ਤੋਰਿਆ-ਬੱਸ ਪ੍ਰਬੰਧਕਾਂ ਦੀ ਆਪਸ ਵਿਚ ਖੜਕਦੀ ਰਹੀ। ਅਵਤਾਰ ਸਿਉਂ ਨੇ ਗੁਰਦੁਆਰੇ ਜਾਣਾ ਬੰਦ ਕਰ ਦਿੱਤਾ। ਮਹੰਤ ਚੰਨਣ ਸਿਉਂ ਦੀ ਦਿੱਤੀ ਨਿਸ਼ਾਨੀ ਭਗਤ ਬਾਣੀ ਸਟੀਕ ਘਰੇ ਹੀ ਪੜ੍ਹ ਛੱਡਦਾ। ਕੁੰਡਾ ਸਿਉਂ ਦਰਜ਼ੀ, ਬਚਨ ਸਿਉਂ ਮਜ਼੍ਹਬੀ ਸਿੱਖ ਤੇ ਲਾਲਾ ਖਰੈਤੀ ਮੱਲ ਦਾ ਵੱਡਾ ਲੜਕਾ ਰਾਮ ਸਰੂਪ ਉਸਦੇ ਜੋਟੀਦਾਰ ਹੁੰਦੇ ਸਨ ਜੋ ਘਰ ਹੀ ਆ ਜਾਂਦੇ। ਜੀਤੀ ਨੇ ਭਗਤ ਬਾਣੀ ਅਰਥਾਂ ਸਮੇਤ ਕਈ ਵਾਰ ਪੜ੍ਹੀ। ਦੂਜਾ ਆਸਾ ਜੀ ਦੀ ਵਾਰ ਉਸ ਉੱਪਰ ਹੋਰ ਵੀ ਜ਼ਿਆਦਾ ਅਸਰ ਹੋ ਗਿਆ ਤੇ ਉਹਦੇ ਦਿਮਾਗ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦਾ ਚਿੱਤਰ ਸੀ।

ਇਹ ਲੋਕ ਅਕਸਰ ਹੀ ਮਹੰਤ ਚੰਨਣ ਸਿਉਂ ਦੇ ਕਮਰੇ ਵਿਚ ਇਕੱਠੇ ਬੈਠਦੇ ਹੁੰਦੇ ਸਨ। ਮਹੰਤ ਚੌਂਕੀ ਉਪਰ ਬੈਠਾ, ਪੋਥੀ ਰਿਹਲ 'ਤੇ ਰੱਖ ਕੇ ਪੜ੍ਹਦਾ ਤੇ ਨਾਲ਼-ਨਾਲ਼ ਪ੍ਰਸੰਗਾਂ ਦੀ ਵਿਆਖਿਆ ਕਰਦਾ। ਪਿੰਡ ਦੇ ਦਸ ਵੀਹ ਮਰਦ ਔਰਤਾਂ ਹੋਰ ਵੀ ਹੁੰਦੇ ਪਰ

ਉਨ੍ਹਾਂ ਦਾ ਕੁੱਝ ਕੁ ਦਾ ਮਾਨਸਿਕ ਪੱਧਰ ਕੁੱਝ ਨੀਵਾਂ ਹੀ ਰਿਹਾ। ਬੱਸ ਉਹ ਸ਼ਰਧਾ ਦੇ ਮਾਰੇ ਹੀ ਆਉਂਦੇ ਤੇ ਹਰ ਗੱਲ ਉਤੇ ਸਿਰ ਨਿਵਾ ਕੇ ਧੰਨ ਹੀ ਆਖ ਛੱਡਦੇ।

ਹੁਣ ਤੱਕ ਅਵਤਾਰ ਸਿਉਂ ਦੀ ਇਨ੍ਹਾਂ ਤਿਹਾਂ ਨਾਲ਼ ਸੰਗਤ ਨਿਭਦੀ ਆ ਰਹੀ ਸੀ। ਜਦੋਂ ਕਦੇ ਉਸਦੇ ਮਨ ਵਿਚ ਵੈਰਾਗ ਉਠਦਾ ਉਹ ਇਨ੍ਹਾਂ 'ਚੋਂ ਕਿਸੇ ਕੋਲ਼ ਚਲਾ ਜਾਂਦਾ। ਮਹੰਤ ਚੰਨਣ ਸਿਉਂ ਮਿੱਠੀ ਧੁਨ ਵਿਚ ਗਲਾਸ 'ਤੇ ਕੜਾ ਵਜਾ ਕੇ ਸ਼ਬਦ ਗਾਉਂਦਾ ਹੁੰਦਾ ਸੀ-"ਸਭੇ ਸਾਂਝੀਵਾਲ ਸਦਾਇਨ, ਸਭੇ ਸਾਂਝੀਵਾਲ ਸਦਾਇਨ।" ਸੰਗਤ ਉਸਦੇ ਮਗਰ-ਮਗਰ ਬੋਲਦੀ ਹੁੰਦੀ ਸੀ- "ਕੋਈ ਨਾ ਦਿਸੇ ਬਾਹਰਾ... ਸਤਿਗੁਰ ਤੇਰੀ ਰਚਨਾ ਹੈ - ਜੀ ਸਤਿਗੁਰ ਤੇਰੀ ਰਚਨਾ ਹੈ।"

ਜਦੋਂ ਸ਼ਹਿਰ ਮੂੰਹ ਅੱਡੀ ਉਸਦੇ ਪਿੰਡ ਤੱਕ ਵਧ ਆਇਆ ਸੀ ਤਾਂ ਉਸਨੇ ਵੀ ਬਾਕੀਆਂ ਦੇ ਨਾਲ਼ ਆਪਣੀ ਜ਼ਮੀਨ ਚੜ੍ਹੇ ਭਾਵੀ ਵੇਚ ਕੇ ਚੰਗਾ ਨਾਵਾਂ ਕਮਾ ਲਿਆ ਸੀ। ਮੁੰਡਿਆਂ ਨੂੰ ਪੜ੍ਹਾ ਕੇ ਉਸਨੇ ਚੰਗੀਆਂ ਨੌਕਰੀਆਂ 'ਤੇ ਲਵਾਇਆ ਅਤੇ ਜੀਤੀ ਨੂੰ ਬੀ. ਏ. ਕਰਾ ਕੇ ਐਮ. ਏ. ਕਰਨ ਯੂਨੀਵਰਸਿਟੀ ਦਾਖ਼ਲ ਕਰਾ ਦਿੱਤਾ ਸੀ।

...ਅਵਤਾਰ ਸਿਉਂ ਦੇ ਰਿਸ਼ਤੇਦਾਰ ਵੀ ਚੰਗੇ, ਭਲੇ-ਪੁਰਸ਼ ਸਨ। ਉਸਦੀ ਰੀਸੇ ਉਨ੍ਹਾਂ 'ਚੋਂ ਕਈ ਮੁਸਲਮਾਨ ਦਰਵੇਸ਼ ਦੇ ਭਗਤ ਰਹਿ ਚੁੱਕੇ ਸਨ। ਦਰਗਾਹ ਵਿਚ ਮਜਲਿਸ ਜੁੜਦੀ ਸੀ। ਕੱਵਾਲ ਕੱਵਾਲੀਆਂ ਅਤੇ ਸੂਫ਼ੀਆਂ ਦੀਆਂ ਕਾਫ਼ੀਆਂ ਗਾਉਂਦੇ। ਇਨ੍ਹਾਂ ਮਹਿਫ਼ਲਾਂ 'ਚ ਵਿਚਰ ਕੇ ਅਵਤਾਰ ਸਿਉਂ ਨੂੰ ਇਸ਼ਕ ਮਜਾਜ਼ੀ ਅਤੇ ਇਸ਼ਕ ਹਕੀਕੀ ਦੀਆਂ ਰਮਜ਼ਾਂ ਦੀ ਸਮਝ ਪਈ ਸੀ। ਉਹ ਲੋਕਾਂ ਨਾਲ ਗੱਲਬਾਤ ਕਰਦਾ ਏਸ ਰੰਗ ਦੀ ਚਰਚਾ ਕਰਦਾ- "ਭਾਈ ਹੀਰ-ਰਾਂਝਾਂ ਵੀ ਭਗਤ ਈ ਸੀਗੇ। 'ਹੀਰ ਰੂਹ ਤੇ ਰਾਂਝਾਂ ਕਲਬੂਤ ਜਾਣੋ'...ਇਹ ਬੰਦੇ ਨੂੰ ਹੀ ਕਿਹਾ ਹੈ। ਇਹ ਇਸ਼ਕ ਮਜ਼ਾਜ਼ੀ ਤੇ ਇਸ਼ਕ ਹਕੀਕੀ ਵਿੱਚ ਪੁੱਜਦੇ ਸੀ... ਰੱਬ ਦੇ ਭਗਤ ਸਿੱਧੇ ਹਕੀਕੀ ਇਸ਼ਕ 'ਚ ਚਲੇ ਜਾਂਦੇ ਐ... ਹੈ ਦੋਵੇਂ ਈ ਰੱਬ ਦੇ ਭਗਤ।"

ਜਿਵੇਂ ਫ਼ਕੀਰ ਗੁਰੂ ਗ੍ਰੰਥ, ਕੁਰਾਨ, ਅੰਜ਼ੀਲ ਆਦਿ 'ਚੋਂ ਹਵਾਲੇ ਦਿੰਦਾ ਉਵੇਂ ਅਵਤਾਰ ਸਿਉਂ ਵੀ ਲੋਕਾਂ ਵਿੱਚ ਬੈਠਾ ਇਹੋ ਜੇਹੀ ਚਰਚਾ ਛੇੜਦਾ-"ਭਾਈ ਪਰਮਾਤਮਾ ਨੇ ਤਾਂ ਸਾਰੀ ਈ ਖਲਕਤ ਇਕ ਰੂਪ ਬਣਾਈਐ। ਖ਼ਾਲਕ ਖ਼ਲਕ ਮਹਿ ਖ਼ਾਲਕ ਪੂਰ ਰਹਿਆ ਸਭਿ ਠਾਈ।। ਬਾਣੀ ਤਾਂ ਇਹ ਮੱਤ ਦਿੰਦੀ ਐ।"

ਦਰਵੇਸ਼ ਦੇ ਚੋਲ਼ਾ ਛੱਡਣ ਤੋਂ ਬਾਅਦ ਅਵਤਾਰ ਸਿਉਂ ਦਰਗਾਹ 'ਤੇ ਵੀ ਨਹੀਂ ਸੀ ਗਿਆ। ਉਸ ਫ਼ਕੀਰ ਦਾ ਉਤਰਾਧਿਕਾਰੀ ਉਸ ਵਰਗਾ ਨਿਰਪੱਖ ਤੇ ਨਿਰਵੈਰ ਨਹੀਂ

ਸੀ। ਪਾਖੰਡੀ ਅਤੇ ਕਰਾਮਾਤਾਂ ਵਿੱਚ ਲੋਕਾਂ ਤੋਂ ਕਮਾਈ ਕਰਨ ਲੱਗ ਪਿਆ ਸੀ। ਉਹ ਮੁਸਲਮਾਨਾਂ ਦਾ ਬਹੁਤਾ ਪੱਖ ਲੈਣ ਲੱਗ ਪਿਆ ਸੀ। ਸੂਫ਼ੀ ਦਰਵੇਸ਼ ਵਾਲੀ ਤਾਂ ਉਸ ਵਿੱਚ ਇੱਕ ਵੀ ਗੱਲ ਨਹੀਂ ਸੀ। ਅਵਤਾਰ ਸਿਉਂ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗੀ-"ਸਾਂਈ ਜੀ! ਖ਼ੁਦਾ ਬੰਦੇ ਨੂੰ ਕੁਫ਼ਰ ਤੋਂ ਬਚਾਵੇ-ਬੰਦੇ ਦੀ ਬੰਦਗੀ ਹਿੰਦੂ-ਮੁਸਲਮਾਨ ਜਾਂ ਸਿੱਖ ਤੋਂ ਉਤੇ ਐ। ਫ਼ਕੀਰ ਨੇ ਅੜਬ ਜਿਹੇ ਸ਼ਬਦਾਂ ਵਿੱਚ ਜਵਾਬ ਦਿੱਤਾ ਸੀ-"ਹਰੇਕ ਨੂੰ ਆਪਣੇ ਆਪਣੇ ਇਸ਼ਟ ਵਿੱਚ ਪੱਕਾ ਹੋਣਾ ਚਾਹੀਦੈ।" ਦਰਵੇਸ਼ ਦੀ ਇਹ ਦਲੀਲ ਅਵਤਾਰ ਸਿਉਂ ਨੂੰ ਉੱਕਾ ਹੀ ਜਚੀ ਨਹੀਂ ਸੀ। ਬੱਸ ਉਸਨੇ ਦਰਗਾਹ 'ਤੇ ਜਾਣਾ ਛੱਡ ਦਿੱਤਾ। ਉਸਦਾ ਇਸ਼ਟ ਤਾਂ 'ਏਕ ਪਿਤਾ ਏਕਸ ਕੇ ਹਮ ਬਾਰਿਕ' ਸੀ।

ਉਸਦਾ ਮਨ ਪਾਠ ਕਰਨ ਨੂੰ ਵੈਰਾਗ ਗਿਆ। ਉਸਨੇ ਚਾਰ ਪੰਜ ਮਹੀਨਿਆਂ ਵਿਚ ਗੁਰਦੁਆਰੇ ਜਾ-ਜਾ ਕੇ ਪਾਠ ਸੰਪੂਰਨ ਕੀਤਾ। ਕੀਰਤਨ ਕਰਵਾ ਕੇ ਭੋਗ ਘਰ ਵਿੱਚ ਪਾਇਆ। ਮਹੰਤ ਚੰਨਣ ਸਿਉਂ ਦੇ, ਦੋ ਸੰਚੀਆਂ ਵਿੱਚ ਲਿਆਂਦੇ, ਟੀਕੇ ਦਾ ਉਸਨੇ ਫ਼ਾਇਦਾ ਉਠਾਇਆ ਤਾਂ ਉਸ ਨੂੰ ਬਾਣੀ ਵਿਚਲੇ ਸੰਸਾਰ ਦੀ ਥੋੜ੍ਹੀ ਬਹੁਤ ਹੋਰ ਥਾਹ ਪਈ। ਵਿਸ਼ਵ ਭਾਈਚਾਰੇ ਦਾ ਸੰਕਲਪ ਉਸਦੇ ਮਨ ਵਿਚ ਹੋਰ ਡੂੰਘਾ ਉੱਤਰ ਗਿਆ। ਗੁਰਦੁਆਰੇ ਉਹ ਉਕਾ ਹੀ ਜਾਣੋ ਹਟ ਗਿਆ। ਇਕ ਦੋ ਜਣਿਆਂ ਨੇ ਉਸ ਨੂੰ ਪੁੱਛਿਆ ਵੀ-"ਅਵਤਾਰ ਸਿੰਘਾਂ ਗੁਰੂ ਘਰ ਨੀ ਆਇਆ ਭਾਈ ਕਦੇ।"

ਉਹਨੇ ਅੱਗੋਂ ਦੋਵੇਂ ਹੱਥ ਜੋੜਨੇ ਅਤੇ ਬੜੀ ਮਧੁਰ ਸੁਰ ਵਿੱਚ ਉੱਤਰ ਦੇਣਾ - "ਗੁਰਬਾਣੀ ਤਾਂ ਕਹਿੰਦੀ ਐ ਨੀਤ ਰਾਸ ਕਰਕੇ ਸਹੁ ਘਰ ਵਿੱਚੋਂ ਹੀ ਮਿਲ ਜਾਂਦੈ ਜੀ। 'ਘਰ ਹੀ ਤੇ ਸਹਿ ਪਾਈਐ ਜੋ ਨੀਅਤ ਰਾਸ ਕਰੇ'।"

ਜਿਸ ਤਰ੍ਹਾਂ ਦੀਆਂ ਗੱਲਾਂ ਉਸਦੀ ਜ਼ੁਬਾਨ 'ਤੇ ਚੜ੍ਹੀਆਂ ਹੋਈਆਂ ਸਨ ਉਹ ਪਿੰਡ ਦੇ ਬਹੁਤੇ ਬੰਦਿਆਂ ਨੂੰ ਰੜਕਦੀਆਂ ਸਨ। ਉਨ੍ਹਾਂ ਦੇ ਮਨ ਵਿੱਚ ਉਸ ਦੀ ਬਹੁਤ ਸਤਿਕਾਰ ਯੋਗ ਥਾਂ ਵੀ ਨਹੀਂ ਸੀ। ਲਾਲ ਸਿਉਂ ਧੂਫ਼ੀਆ ਤੇ ਉਹਦੇ ਚਮਚੇ ਤਾਂ ਉਸਨੂੰ ਗੱਪੀਆਂ ਦੀ ਮਾਂ ਤੇ ਮੂਰਖਾਂ ਦਾ ਪਿਉ ਕਹਿੰਦੇ ਸਨ। ਉਸਨੇ ਉਨ੍ਹਾਂ ਨਾਲ਼ ਕਦੇ ਖਹਿਬੜਨ ਦਾ ਜਤਨ ਨਹੀਂ ਸੀ ਕੀਤਾ। ਅਖੰਡ ਪਾਠਾਂ ਮੌਕੇ ਇਹ ਲੋਕ ਪਾਠੀ ਤੇ ਗੁਰੂ ਘਰ ਦੇ ਸੇਵਕ ਘੱਟ ਪਰ ਇਕ ਦੂਜੇ ਦੇ ਨੁਕਤਾਚੀਨ ਬਹੁਤਾ ਹੁੰਦੇ ਐ। ਪਾਠ ਵੱਧ-ਘੱਟ ਜਾਂ ਲਗ ਕੰਨੇ ਦੇ ਫ਼ਰਕ ਨੂੰ ਲੈ ਕੇ ਉਹ ਕੁੱਝ ਇਹੋ ਜਿਹੀਆਂ ਗੱਲਾਂ ਕਰਦੇ ਜੋ ਇਕ ਗੁਰਸਿੱਖ ਦੀ ਸ਼ਾਨ ਤੋਂ ਉਲਟ ਹੁੰਦੀਆਂ। ਇਕ ਵਾਰ ਤਾਂ ਲਾਲ ਸਿੰਘ ਧੂਫ਼ੀਏ ਦੇ ਮੂੰਹੋਂ ਅਵਤਾਰ ਸਿੰਘ ਨੇ ਆਪ ਸੁਣਿਆ ਸੀ-"ਐਵੇਂ

ਜਣਾ-ਖਣਾ ਬਾਬੇ 'ਤੇ ਚੜ੍ਹ ਕੇ ਬੈਠ ਜਾਂਦੈ। ਬਾਬੇ ਨੇ ਕਿਹੜਾ ਬੋਲਣੈ ਕੋਈ ਜਿਵੇਂ ਮਰਜ਼ੀ ਕਰੀ ਜਾਏ।"

"ਗੁਰਮੁਖੋ ਰੱਬ ਤੋਂ ਡਰੋ।" ਅਵਤਾਰ ਸਿਉਂ ਨੇ ਮੌਕੇ 'ਤੇ ਹੀ ਟੋਕਿਆ ਸੀ।

ਬੱਸ ਉਹ ਚੰਨਣ ਸਿਉਂ ਅਤੇ ਮੁਸਲਮਾਨ ਫ਼ਕੀਰ ਵੇਲ਼ੇ ਦੇ ਆਪਣੇ ਤਿੰਨਾਂ ਜੋਟੀਦਾਰਾਂ ਨਾਲ ਆਪਣੀ ਮਿੱਤਰਤਾ ਨਿਭਾਉਂਦਾ ਆ ਰਿਹਾ ਸੀ ਜਾਂ ਜੋ ਲੋਕ ਉਹਦੇ ਕੋਲ਼ੋਂ ਕਥਾ ਸੁਣਨ ਆ ਜਾਂਦੇ ਸਨ। ਉਹ ਭਾਈ ਗੁਰਦਾਸ ਜੀ ਦੀ ਇੱਕ ਤੁਕ ਵੀ ਆਮ ਹੀ ਬੋਲ ਦਿੰਦਾ, "ਘਰਿ ਘਰਿ ਹੋਵੈ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ।।" ਉਹ ਮਿਲ ਕੇ ਅੱਡ-ਅੱਡ ਧਰਮਾਂ ਦੇ ਗ੍ਰੰਥ ਪੜ੍ਹਦੇ ਰਹਿੰਦੇ ਸੀ। ਉਸਨੇ ਕਦੀ ਕਿਸੇ ਦੀ ਬਹੁਤੀ ਪਰਵਾਹ ਨਹੀਂ ਸੀ ਕੀਤੀ ਭਾਵੇਂ ਕਿ ਅਵਤਾਰ ਸਿਉਂ ਦੀ ਪਿੱਠ ਪਿੱਛੇ ਲਾਲ ਸਿਉਂ ਧੂਫ਼ੀਏ ਨੇ ਕਈ ਵਾਰ ਕਿਹਾ ਸੀ-"ਨਾ ਜੇ ਸਿੱਖ ਹੋ ਕੇ ਮੁਸਲਮਾਨ ਫ਼ਕੀਰ ਦੀਆਂ ਗੱਲਾਂ ਈ ਕਰਨੀਐ ਤਾਂ ਮੁਸਲਮਾਨ ਈ ਬਣ ਜੇ...ਕਾਹਨੂੰ ਸਿੱਖੀ ਜਾਮੇ ਨੂੰ ਲੀਕ ਲਾਉਂਦੈ।"

ਗੁਰਦੁਆਰੇ ਵਿੱਚ ਲਾਲ ਸਿਉਂ ਧੂਫ਼ੀਏ ਨੇ ਕਈ ਵਾਰ ਕਿਹਾ ਸੀ-"ਗੁਰੂ ਮਹਾਰਾਜ ਨੇ ਤਾਂ ਸਿੱਖ ਨੂੰ ਹੁਕਮ ਦਿੱਤਾ ਸੀ ਬਈ ਪਹਿਲਾਂ ਬਾਂਹ ਤੇਲ ਵਿੱਚ ਡੋਬ ਕੇ ਫਿਰ ਤਿਲਾਂ ਨਾਲ਼ ਲਿਬੇੜੋ। ਜਿੰਨੇ ਤਿਲ ਬਾਂਹ ਨੂੰ ਲੱਗ ਜਾਣ ਜੇ ਮੁਸਲਮਾਨ ਤੇ ਹਿੰਦੂ ਇੰਨੀਆਂ ਸਹੁੰਆਂ ਖਾਣ ਤਾਂ ਵੀ ਇਨ੍ਹਾਂ 'ਤੇ 'ਤਬਾਰ ਨਾ ਕਰੋ... ਇਹ ਵੱਡਾ ਧਰਮਾਤਮਾ ਮੁਸਲਮਾਨਾਂ ਦੇ ਘਰ ਦਾ ਖਾ ਵੀ ਆਉਂਦੈ। ਬਾਹਮਣਾਂ-ਬਾਣੀਆਂ ਤੇ ਮਨ-ਮੱਤਿਆਂ ਦੇ ਪਿੱਛੇ ਘੱਟਾ ਛਾਣਦਾ ਫਿਰੂ।"

ਅਵਤਾਰ ਸਿਉਂ ਨੇ ਹਰਖ਼ ਗੁੱਸਾ ਤਾਂ ਕਦੇ ਨਹੀਂ ਸੀ ਕੀਤਾ ਪਰ ਪਤਾ ਲੱਗਣ 'ਤੇ ਉਹ ਲਾਲ ਸਿਉਂ ਧੂਫੀਏ ਨੂੰ ਬੁਰਾ-ਭਲਾ ਬੋਲ ਹੀ ਗਿਆ ਸੀ-"ਇਹ ਤਾਂ ਜੇ ਗੁਰੂ ਅਰਜਨ ਦੇਵ ਜੀ ਦੇ ਕੋਲ਼ ਬੈਠਾ ਹੁੰਦਾ ਤਾਂ ਇਹਨੇ ਭਾਈ ਗੁਰਦਾਸ ਦੀ ਕਲਮ ਫੜ ਲੈਣੀ ਸੀ-ਆਖਦਾ ਮਾਰ੍ਹਾਜ ਮੈਂ ਨੀ ਮੁਸਲਮਾਨ ਫ਼ਰੀਦ ਤੇ ਕਬੀਰ ਤੇ ਛੋਟੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਪਾਉਣ ਦਿੰਦਾ ਗ੍ਰੰਥ ਸਾਹਿਬ ਵਿੱਚ।" ਹਰਿਮੰਦਰ ਦੀ ਨੀਂਹ ਰਖਾਉਣ ਵੇਲ਼ੇ ਵੀ ਗੁਰੂ ਅਰਜਨ ਦੇਵ ਜੀ ਕੋਲ਼ ਇਤਰਾਜ਼ ਕਰਨਾ ਸੀ ਇਸ ਨੇ। ਉਸਦੀ ਇਸ ਦਲੀਲ ਦਾ ਇੰਨਾ ਕੁ ਅਸਰ ਜ਼ਰੂਰ ਹੋਇਆ ਸੀ ਕਿ ਪਿੰਡ ਵਾਲ਼ਾ ਟਿੱਚਰੀ ਘੁਮੱਕੜ ਸਿਉ ਭਗਵਾਨ ਮਖੌਲ-ਮਖੌਲ ਵਿੱਚ ਦੁਹਰਾਉਂ ਦਾ ਰਹਿੰਦਾ-"ਬਈ ਸੱਚੀਉਂ ਲਾਲ ਸਿਉਂ ਧੂਫੀਆ ਤਾਂ ਮਾਰ੍ਹਾਜ 'ਤੇ ਚੜ੍ਹ ਕੇ ਗੁਰੂ ਮਹਾਰਾਜ ਦਾ ਹੱਥ ਫੜ ਲੈਂਦਾ-ਕਲਮ ਦੁਆਤ ਨੂੰ ਚਿੰਬੜ ਜਾਂਦਾ-

ਚੀਕ ਚਿਹਾੜਾ ਪਾਉਂ ਦਾ ਬਈ-"ਮਾਰ੍ਹਾਜ ਮੁਸਲਿਆਂ ਦੀ ਬਾਣੀ ਕਿਉਂ ਮਾਰ੍ਹਾਜ ਵਿੱਚ ਵਾੜੀ ਜਾਨੇ ਓ।"

ਇਹੋ ਜਿਹੀ ਹੀ ਉੱਠ ਦੇ ਪੱਦ ਵਰਗੀ ਗੱਲ ਉਸਨੇ ਡਾਲੀ ਵਾਲ਼ੇ ਡੁੱਡੇ ਕਲੰਦਰ ਦੇ ਮੂੰਹ 'ਤੇ ਆਖੀ ਸੀ ਜਦੋਂ ਅਵਤਾਰ ਸਿਉਂ ਜਿਉਣੇ ਰਮਦਾਸੀਏ ਦੀ ਕੁੜੀ ਦੇ ਵਿਆਹ ਵਿੱਚ ਸ਼ਾਮਲ ਹੋਇਆ ਸੀ-ਐਨ ਸ਼ਰੀਕੇ ਕਬੀਲੇ ਵਾਲ਼ਿਆਂ ਵਾਂਗ। ਚੁੱਕੇ-ਚੁਕਾਏ ਡਾਲੀ ਵਾਲ਼ੇ ਡੁੱਡੇ ਕਲੰਦਰ ਵੀਰੂ ਨੇ ਕੁੱਢਰਪੁਣੇ ਦਾ ਸਬੂਤ ਦਿੰਦਿਆਂ ਮੂੰਹ 'ਤੇ ਹੀ ਕਹਿ ਦਿੱਤਾ ਸੀ-"ਅਵਤਾਰ ਸਿਆਂ! ਚਮਾਰਾਂ ਨੇ ਮਸਾਲੇ-ਖਸਾਲੇ ਤਾਂ ਚੰਗੇ ਪਾਏ ਹੋਣਗੇ?" ਕਹਿਣ ਵਾਲ਼ੀ ਤਾਂ ਉਹ ਕਹਿ ਬੈਠਾ ਪਰ ਉਸ ਨੂੰ ਖਹਿੜਾ ਛੁਡਾਉਣਾ ਔਖਾ ਹੋ ਗਿਆ। ਅਵਤਾਰ ਸਿਉਂ ਨੇ ਉਸਦੇ ਮੂੰਹ 'ਤੇ ਅਜਿਹਾ ਚਪੜਾ ਜੜਿਆ-"ਸੁਣ ਉਇ ਵੀਰੂ ਮੈਂ ਤੈਨੂੰ ਹੋਰ ਲੋਕਾਂ ਵਾਲ਼ੀ ਭਾਸ਼ਾ ਤਾਂ ਨੀ ਵਰਤਦਾ...ਪਰ ਐਂ ਦੱਸ ਬਈ ਤੈਥੋਂ ਗੁਰੂ ਘਰ ਦੀ ਸੇਵਾ ਨੀ ਹੁੰਦੀ ਸਿੱਧੀ ਤਰ੍ਹਾਂ ਕਿ ਮੈਥੋਂ ਕਹਾ ਕੇ ਈ ਖੜ੍ਹਨੈ ਬਈ ਜੀਹਨੂੰ ਘਰੋਂ ਛਿੱਤਰ ਪੈਣ ਲੱਗ ਜਾਂਦੇ ਐ ਉਹ ਗੁਰਦੁਆਰੇ ਦੀ ਡਾਲੀ ਨੂੰ ਆ ਚੁੰਬੜਦੈ।" ਅਵਤਾਰ ਸਿਉਂ ਮੂਹਰੇ ਵੀਰੂ ਬੋਲੇ ਤਾਂ ਕੰਧ ਬੋਲੇ ਪਰ ਜਦੋਂ ਕੀਰਤਨ ਵਿੱਚ ਛੈਣੇ ਵਜਾਉਣ ਵਾਲੇ ਸੰਤੋਖੇ ਨੇ ਵੀਰੂ ਨੂੰ ਤੁੱਖਣਾ ਦਿੱਤਾ ਸੀ-"ਤੂੰ ਦਾੜ੍ਹੀ 'ਚ ਪਾਉਣਾ ਸੀ ਹੱਥ ਸਿੱਧਾ ਈ- ਚੁੱਪ ਕਿਉਂ ਕਰ ਗਿਆ ਭਲਾ"-ਪਤਾ ਲੱਗਦੇ ਹੀ ਅਵਤਾਰ ਸਿਉਂ ਸਿੱਧਾ ਗੁਰਦੁਆਰੇ ਗਿਆ ਸੀ। ਉਹਨੇ ਆ ਵੇਖਿਆ ਨਾ ਤਾਅ ਉਸ ਨੂੰ ਬਾਂਹੋ ਫੜ ਕੇ ਖਿੱਚ ਲਿਆ ਸੀ -

"ਨਾ ਤੂੰ ਮੈਨੂੰ ਇਉਂ ਦੱਸ, ਦਾੜ੍ਹੀ 'ਚ ਹੱਥ ਪਵਾਉਣ ਵਾਲ਼ਾ ਕੌਣ ਐ ਉਇੂੰ...? ਜਾਉ ਤਾਂ ਪਾੜ ਦਿਉ ਵਰਕੇ ਮਾਰ੍ਹਾਜ 'ਚੋਂ ਰਵੀਦਾਸ ਚਮਾਰ ਦੇ।" ਉਸਦੇ ਬੋਲਦੇ 'ਤੇ ਹੀ ਗ੍ਰੰਥੀ ਤੇ ਲਾਲ ਸਿਘ ਆ ਗਏ ਸਨ - "ਅਵਤਾਰ ਸਿਆਂ ਮਾਰ੍ਹਾਜ ਦੀ ਕਿਉਂ ਬੇਅਦਬੀ ਕਰਨ ਲੱਗਿਐ?" ਲਾਲ ਸਿਉਂ ਨੇ ਮੁੱਛਾਂ ਤੇ ਕ੍ਰੋਧ ਟਪਕਾਉਂਦਿਆਂ ਆਖਿਆ ਸੀ।

"ਮਾਰ੍ਹਾਜ ਦੀ ਬੇਅਦਬੀ ਕਰਨ ਵਾਲਾ ਤਾਂ ਮੈਂ ਕੌਣ ਆਂ ਲਾਲ ਸਿਆਂ-ਜਾਤਾਂ ਪਾਤਾਂ ਵਿੱਚ ਗਰਕੇ ਤੁਸੀਂ ਲੋਕ ਚਮਾਰ ਦੀ ਬਾਣੀ ਕੱਢ ਦਿਉ ਗੁਰੂ ਗ੍ਰੰਥ ਸਾਹਿਬ 'ਚੋਂ ਜਾਂ ਜਾਤ ਪਾਤ ਛੱਡੋ ਕਿਉਂ ਜੱਟ ਵਾਲ਼ੇ ਕਿੱਲੇ ਗਰਦਨ 'ਚ ਵਾੜੇ ਐ। ਮੈਂ ਤਾਂ ਐਂ ਕਹਿਨਾਂ ਬਈ ਬਾਣੀ ਜਾਂ ਤਾਂ ਪੰਜਾਬੋਂ ਬਾਹਰਲੇ ਭਗਤਾਂ ਦੀ ਐ ਜਾਂ ਪੰਜਾਬ ਦੇ ਹਿੰਦੂ ਮੁਸਲਮਾਨ ਮਹਾਤਮਾਵਾਂ ਦੀ ਐ...ਨਾਲੇ ਤੂੰ ਮੈਨੂੰ ਦੱਸ ਜਿਉਣੇ ਚਮਾਰ ਵਿੱਚ ਤੈਨੂੰ ਕੀ ਫ਼ਰਕ ਲੱਗਦੈ... ਹਾਂ ਸੁਣ ਲੈ ਹੋਰ ਤੂੰ... ਜੇ ਫੇਰ ਐਹਾ ਜਾ ਕੁਛ ਕਿਹਾ ਨਾ ਤਾਂ ਮੈਂ ਤੇਰੀ ਕਛਨੀ ਜੀ ਖਿੱਚੀ ਫਿਰੂੰ - ਨਾ ਤੂੰ

'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਅਰਥ ਦੱਸ ਤਾਂ।" ਮਗਰੋਂ ਉਸ ਨੂੰ ਗੁੱਸਾ ਆਉਣ 'ਤੇ ਅਫ਼ਸੋਸ ਵੀ ਹੋਇਆ ਸੀ।

ਏਸ ਅਵਤਾਰ ਸਿਉਂ ਨੂੰ ਅੱਜ ਉਸਦੀ ਧੀ ਜੀਤੀ ਨੇ ਬਿਪਤਾ ਵਿੱਚ ਪਾਇਆ ਹੋਇਆ ਸੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਜੀਤੀ ਕਿਸ ਪਾਸੇ ਵਹਿ ਤੁਰੀ ਸੀ। ਉਸਨੇ ਐਮ. ਏ. ਵਿੱਚ ਇਤਿਹਾਸ ਲਿਆ ਸੀ ਫੇਰ ਉਹ ਇਸ ਪਾਸੇ ਕਿਉਂ ਤੁਰ ਪਈ ਸੀ? ਅਵਤਾਰ ਸਿਉਂ ਤਾਂ ਕਿਹਾ ਕਰਦਾ ਸੀ-"ਬਾਣੀ ਗੁਰੂ, ਗੁਰੂ ਹੈ ਬਾਣੀ ਵਿੱਚ ਬਣੀ ਅੰਮ੍ਰਿਤ ਸਾਰੇ।" ਫਿਰ ਕਿਉਂ ਉਸਦੀ ਧੀ ਦੁਨੀਆਂਦਾਰੀ ਨੂੰ ਹੀ ਲੱਤ ਮਾਰ ਰਹੀ ਸੀ? ਪਰ ਲਾਲ ਸਿਉਂ ਧੂਫ਼ੀਆ ਪਿੰਡ ਵਿੱਚ ਗੱਲ ਧੁਮਾ ਰਿਹਾ ਸੀ- ਅਵਤਾਰ ਸਿਉਂ ਨੇ ਗੁਰੂ ਮਹਾਰਾਜ ਦੀ ਬੇਅਦਬੀ ਕੀਤੀ ਹੈ, ਤਾਂਹੀਂ ਗੁਰੂ ਮਹਾਰਾਜ ਉਹਦੀ ਧੀ ਨੂੰ ਸਜ਼ਾ ਦੇ ਰਹੇ ਐ।"

ਜੀਤੀ ਇਤਿਹਾਸ ਦੀ ਵਿਦਿਆਰਥਣ ਸੀ। ਬੀ. ਏ. ਵਿੱਚ ਵੀ ਉਸਦੇ ਇਤਿਹਾਸ ਵਿਚੋਂ ਹੀ ਜ਼ਿਆਦਾ ਨੰਬਰ ਸਨ। ਉਸਦੇ ਅੰਦਰ ਇਕ ਦਵੰਦ ਛਿੜ ਗਿਆ ਸੀ। ਘਰ ਵਿੱਚ ਗੁਰਬਾਣੀ ਦਾ ਪਰਵਾਹ ਸੀ। ਉਹ ਧਰਮ ਨੂੰ ਇਤਿਹਾਸ ਅਤੇ ਵਿਗਿਆਨ ਨਾਲ਼ ਜੋੜ ਕੇ ਦੇਖਦੀ ਤੇ ਤਰਕ ਵਿੱਚ ਪੈ ਜਾਂਦੀ।

ਪਿਤਾ ਨੇ ਉਸ ਨੂੰ ਵੀ ਅੰਮ੍ਰਿਤ ਛਕਾਉਣ ਦਾ ਨਿਰਨਾ ਕਰ ਲਿਆ ਤੇ ਜਿਸ ਦਿਨ ਗੁਰੂ ਘਰ ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਪੰਜ ਸਿੰਘ ਆਏ ਤਾਂ ਉਹ ਜੀਤੀ ਨੂੰ ਗੁਰੂ ਘਰ ਲੈ ਗਿਆ।

ਜਦ ਅੰਮ੍ਰਿਤ ਤਿਆਰ ਹੋਣ ਲੱਗਾ ਤਾਂ ਉਹ ਦੂਹਰੀਆਂ ਤੀਹਰੀਆਂ ਦਲੀਲਾਂ ਦੇ ਵਿਚਕਾਰ ਲਟਕ ਰਹੀ ਸੀ। ਇਕ ਪਾਸੇ ਸਿੱਖੀ ਦੀਆਂ ਕਦਰਾਂ ਕੀਮਤਾਂ ਸਨ ਜੋ ਉਸਨੇ ਪਿਉ-ਦਾਦੇ ਤੋਂ ਸਿੱਖੀਆਂ ਸਨ ਦੇ ਦੂਜੇ ਪਾਸੇ ਇਤਿਹਾਸ ਦਾ ਪਸਾਰ ਸੀ। ਅਹਿਸਤਾ ਜਿਹੇ ਇਨ੍ਹਾਂ ਵਿਚਕਾਰ ਇਕ ਹੋਰ ਦਲੀਲ ਦਾਖ਼ਲ ਹੋ ਗਈ ਸੀ ਜਾਤ ਪਾਤ ਰਹਿਤ ਸਮਾਜ ਦੀ। ਕਦੀ ਉਨ੍ਹਾਂ ਦੇ ਘਰ ਸਿੰਘ ਆਇਆ ਕਰਦੇ ਸਨ। ਇਹ ਗੱਲ ਤਾਂ ਉਸਦੇ ਦਾਦੇ ਨੇ ਦੱਸੀ ਸੀ। ਅੰਗਰੇਜ਼ਾਂ ਦੇ ਰਾਜ ਵੇਲੇ। ਉਨ੍ਹਾਂ ਨੇ ਦੱਸਿਆ ਕਿ ਉਹ ਸਿੰਘ ਚੋਰੀ-ਛੁਪੇ ਆਉਂਦੇ ਹੁੰਦੇ ਸਨ, ਦਾਦੇ ਨੇ ਦਾਦੀ ਨੂੰ ਕਿਹਾ ਹੋਇਆ ਸੀ, 'ਪਹਿਲਾਂ ਸਿੰਘ ਨੂੰ ਮੰਜਾ ਬਿਸਤਰਾ ਦਿਓ, ਪ੍ਰਸ਼ਾਦਾ ਪਾਣੀ ਛਕਾਓ, ਫਿਰ ਦੌਲਤਖਾਨਾ ਪੁੱਛੋ।

...ਅਖੀਰ ਪੰਜਾਂ ਸਿੰਘਾਂ ਤੋਂ ਅੰਮ੍ਰਿਤ ਛਕ ਕੇ ਸਿੰਘਣੀ ਸਜ ਗਈ। ਉਸਦੀ ਗੁੱਤ ਚੋਟੀ ਦੇ ਜੂੜੇ ਵਿੱਚ ਬਦਲ ਗਈ। ਸਿਰ ਉਪਰ ਕੇਸਰੀ ਦਸਤਾਰ ਤੇ ਉਪਰ ਅੰਬਰਸਰੀ

ਨੀਲਾ ਦਪੁੱਟਾ। ਉਸ ਨੂੰ ਜਾਪਿਆ ਜਿਵੇਂ ਬ੍ਰਹਿਮੰਡ ਦੀਆਂ ਸਾਰੀਆਂ ਖੁਸ਼ੀਆਂ ਹੀ ਉਸਦੀ ਝੋਲੀ ਵਿਚ ਢੇਰੀ ਹੋ ਗਈਆਂ। ਗਾਤਰਾ ਉਸ ਨੂੰ ਬੜਾ ਫੱਬਿਆ। ਉਸਦੀ ਤਾਂ ਤੋਰ ਵਿਚ ਜਿਵੇਂ ਸ਼ੀਹਣੀ ਦੀ ਤੋਰ ਵਾਲ਼ੀ ਮਟਕ ਆ ਗਈ ਹੋਵੇ। ਹਰ ਵੇਲ਼ੇ ਉਸਦੀਆਂ ਅੱਖਾਂ ਅੱਧ-ਮੀਟੀਆਂ, ਅੱਧ-ਖੁੱਲ੍ਹੀਆਂ ਰਹਿਣ ਲੱਗੀਆਂ।

ਛੇਤੀ ਹੀ ਜ਼ਬਾਨੀ ਕੰਠ ਹੋ ਗਈਆਂ ਪੰਜਾਂ ਬਾਣੀਆਂ ਦਾ ਉਹ ਨਿਤਨੇਮ ਨਾਲ ਸਿਮਰਨ ਕਰਦੀ। ਪਿਤਾ ਵਾਲ਼ੇ ਗ੍ਰੰਥ ਵੀ ਪੜ੍ਹਦੀ ਤੇ ਉਹ ਛੇਤੀ ਹੀ ਆਖੰਡ ਪਾਠਣ ਬਣ ਗਈ। ਉਸਨੇ ਕੀਰਤਨ ਸਿੱਖਣਾ ਆਰੰਭ ਦਿੱਤਾ। ਉਸਦੀਆਂ ਅੱਖਾਂ ਅੱਗੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚ ਬੈਠਾ ਕੋਈ ਸਿੰਘ, ਕੀਰਤਨੀ ਜਥੇ ਦਾ ਸਿੰਘ, ਗੁਰੂ ਸਾਹਿਬਾਨ ਦੀਆਂ ਤਸਵੀਰਾਂ ਜਾਂ ਸਿੱਖ ਸੰਗਤਾਂ ਵਿੱਚ ਸ਼ਾਮਲ ਕਈ ਦਰਸ਼ਨੀ ਜੁਆਨ-ਘੁੰਮਦੇ ਰਹਿੰਦੇ ਪਰ ਜਚਦਾ ਨਾ।

ਵਿਸਮਾਦ ਵਿਚ ਆਈ ਹਰਜੀਤ ਕੌਰ ਇਸ ਨਵੇਂ ਸਰੂਪ ਨੂੰ ਅੱਖਾਂ ਉਘਾੜ-ਉਘਾੜ ਕੇ ਫੜਨ ਦਾ ਜਤਨ ਕਰਦੀ। ਇਹ ਤਾਂ ਉਸਦਾ ਉਹੋ ਸਿੰਘ ਹੁੰਦਾ ਜਿਸ ਦੇ ਸੁਪਨੇ ਉਹ ਲੈ ਰਹੀ ਸੀ।

ਪਾਠ ਸਮਾਪਤ ਕਰਕੇ ਉਸਨੇ ਅਰਦਾਸ ਕੀਤੀ ਸੀ ਤੇ ਉਹ ਵਾਹਿਗੁਰੂ ਸ੍ਰੀ ਵਾਹਿਗੁਰੂ ਦਾ ਸਿਮਰਨ ਕਰ ਰਹੀ ਸੀ ਜਦੋਂ ਕੋਈ ਵਿਅਕਤੀ ਉਸਦੇ ਕੋਲ ਆਇਆ ਸੀ। ਇਹ ਤਾਂ ਉਹੀ ਸਰੂਪ ਸੀ ਜੋ ਉਸਦੇ ਮਨ ਦੇ ਚਿੱਤਰਪਟ 'ਤੇ ਬੜੇ ਚਿਰ ਤੋਂ ਉਕਰਿਆ ਹੋਇਆ ਸੀ। ਗੱਲਾਂ ਕਰਦਿਆਂ-ਕਰਦਿਆਂ ਉਸਨੇ ਆਪਣਾ ਆਪ ਉਸ ਤੋਂ ਨਿਛਾਵਰ ਕਰ ਦਿੱਤਾ ਸੀ।

ਜਦ ਹਰਜੀਤ ਕੌਰ ਆਪਣੇ ਆਪ ਵਿਚ ਆਈ ਸੀ ਤਾਂ ਚੀਕ ਉਠੀ ਸੀ - "ਇਹ ਕੀ ਹੋ ਗਿਆ?... ਇਹ ਕੁੱਝ ਨਹੀਂ ਸੀ ਹੋਣਾ ਚਾਹੀਦਾ।

ਜੀਤੀ ਆਪਣੇ ਹੀ ਕੀਤੇ 'ਤੇ ਪਛਤਾਈ...ਬੱਸ ਉਸ ਦਾ ਸੰਤੁਲਨ ਗਾਇਬ ਹੋ ਗਿਆ। ਉਹ ਉਸ ਸਿੰਘ ਵਿਅਕਤੀ ਨੂੰ ਮਨ ਹੀ ਮਨ ਗਾਲ੍ਹਾਂ ਦੀ ਝੜੀ ਲਾਉਂਦੀ ਤੇ ਬਘਿਆੜ ਨਾਲ਼ ਤੁਲਨਾ ਕਰਦੀ। ਅਗਲੀ ਵਾਰ ਜਦੋਂ ਮਿਲਿਆਂ ਤਾਂ ਉਹਦੀ ਦਾੜ੍ਹੀ ਵਿੱਚ ਹੱਥ ਪਾ ਲਿਆ ਜੋ ਉਹ ਮਸਾਂ ਛੁਡਾ ਕੇ ਭੱਜਿਆ।

ਕਦੀ ਕੇਸਰੀ ਗੋਲ ਦਸਤਾਰ ਵਾਲ਼ਾ ਤਿਆਰ-ਬਰ-ਤਿਆਰ ਸਿੰਘ ਵਿਅਕਤੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਨਵੇਂ ਸਜੇ ਬਿਸਤਰੇ ਉਪਰ ਉਸਦੇ ਬਰਾਬਰ ਬੈਠਾ ਹੁੰਦਾ। ਲਾਵਾਂ

ਪੜ੍ਹੀਆਂ ਜਾ ਰਹੀਆਂ ਹੁੰਦੀਆਂ-ਕੀਰਤਨੀ ਜਥਾ ਹਰ ਲਾਂਵ ਦਾ ਕੀਰਤਨ ਕਰਦਾ ਤੇ ਜੋੜੀ ਗ੍ਰੰਥ ਸਾਹਿਬ ਦੀ ਪਰਕਰਮਾ ਕਰਕੇ ਮੁੜ ਆਪਣੀ ਥਾਂ 'ਤੇ ਬੈਠਦੀ।

...ਕਾਰ ਤੁਰ ਪੈਂਦੀ। ਹਰਜੀਤ ਕੌਰ ਉਸ ਤਿਆਰ-ਬਰ-ਤਿਆਰ ਸਿੰਘ ਦੀ ਤਿਆਰ-ਬਰ-ਤਿਆਰ ਸਿੰਘਣੀ ਆਪਣੇ ਸਿੰਘ ਦੇ ਬਰਾਬਰ ਬੈਠੀ ਹੁੰਦੀ ਤੇ ਵਾਹਿਗੁਰੂ ਸ੍ਰੀ ਵਾਹਿਗੁਰੂ ਦਾ ਸਿਮਰਨ ਕਰਦੀ ਹਰਜੀਤ ਕੌਰ ਆਪਣਾ ਸਿਰ ਆਪਣੇ ਸਿੰਘ ਦੇ ਮੋਢੇ 'ਤੇ ਢੇਰੀ ਕਰ ਦਿੰਦੀ। ਉਸਦੇ ਹਿਰਦੇ ਦੀਆਂ ਡੂੰਘੀਆਂ ਤਹਿਆਂ ਵਿਚ ਇਕ ਮਨਮੋਹਕ ਜਿਹੀ ਹਲਚਲ ਮੱਚਦੀ ਜੋ ਉਸਦੇ ਸਿੰਘ ਦੇ ਸਪਰਸ਼, ਮੋਢਿਆਂ ਉਪਰ ਜਾਂ ਮੁਲਾਇਮ ਪਿੰਡੇ ਉਪਰ ਫਿਰਦੇ ਹੱਥਾਂ ਦੀ ਛੂਹ ਉਸਦੇ ਸਰੀਰ ਵਿੱਚ ਤਰੰਗਾਂ ਛੇੜਦੀ ਤੇ ਉਹ ਦੋਵੇ ਹੱਥ ਛਾਤੀਆਂ 'ਤੇ ਘੁੱਟ ਕੇ ਡੂੰਘੇ ਵਿਸਮਾਦ ਵਿੱਚ ਉੱਤਰ ਜਾਂਦੀ।

...ਫਿਰ ਉਹ ਪਿਛਲੀ ਘਟਨਾ ਨੂੰ ਧਿਆਨ ਵਿੱਚ ਲਿਆ ਕੇ ਆਪਣੇ ਆਪ ਉੱਤੇ ਲਾਹਣਤਾਂ ਪਾਉਂਦੀ, ਉਸ ਸਿੰਘ ਨੂੰ ਫਿਟਕਾਰਾਂ ਪਾਉਂਦੀ... "ਇਹ ਕੀ ਕੀਤਾ ਤੂੰ... ਇਹ ਤੂੰ ਕੀ ਕੀਤਾ?"

ਕਦੀ ਉਹ ਇਸ਼ਨਾਨ ਕਰਦੀ ਆਪਣੇ ਪਿੰਡੇ ਨੂੰ ਮੁੜ-ਮੁੜ ਵੇਖਦੀ। ਉਹ ਆਪਣੇ ਅੰਗ-ਅੰਗ ਨੂੰ ਨਿਹਾਰਦੀ-ਪਿੰਡਾ ਟੋਹਦੀ। ਉਸ ਨੂੰ ਆਪਣਾ ਸਰੀਰ ਭਾਰਾ ਹੋ ਗਿਆ ਲੱਗਦਾ। ਸ਼ਰਮ ਦੀ ਮਾਰੀ ਉਹ ਡੁੱਬ-ਡੁੱਬ ਜਾਂਦੀ। ਉਹ ਇਸ ਸਥਿਤੀ ਦਾ ਟਾਕਰਾ ਕਿਵੇਂ ਕਰੇਗੀ? ਉਸਨੇ ਓਸੇ ਸਿੰਘ ਨੂੰ ਗੁਰਦੁਆਰੇ ਦੇ ਉਸ ਕਮਰੇ ਵਿੱਚ ਤੇ ਇੱਧਰ-ਉਧਰ ਬੜਾ ਢੂੰਡਿਆ, ਬੜਾ ਉਡੀਕਿਆ ਪਰ ਉਹ ਤਾਂ ਸ਼ਾਇਦ ਕੋਈ ਬੀਤ ਗਿਆ ਪਲ ਹੀ ਸੀ। ਅਖ਼ਬਾਰਾਂ ਵਿੱਚ ਛਪਦੀਆਂ ਤਸਵੀਰਾਂ 'ਚੋਂ ਉਹ ਉਸਦੇ ਨਕਸ਼ ਫੜਨ ਦਾ ਜਤਨ ਕਰਦੀ ਪਰ ਇਹ ਤਾਂ ਸਾਰੇ ਹੀ ਆਪਸ ਵਿਚ ਰਲ-ਗਡ ਹੋ ਜਾਂਦੇ।

ਕਦੀ ਪਤਾ ਨਹੀਂ ਉਸ ਨੂੰ ਕੀ ਹੁੰਦਾ ਉਹ ਅੰਮ੍ਰਿਤਧਾਰੀ ਸਿੰਘਾਂ ਦੇ ਨਾਂ ਲੈ ਲੈ ਕੇ ਬੁਰਾ ਭਲਾ ਆਖਣ ਲੱਗ ਪੈਂਦੀ - "ਵੱਡਾ ਆਇਐ ਸਰਦਾਰਾਂ ਦਾ ਕਾਕਾ! ਮਾਂ ਨੇ ਰੱਖ ਦਿੱਤਾ ਕਾਕਾ ਜਸਦੇਵ ਸਿੰਘਂ... ਮਲਕ ਭਾਗੋ ਦੀ 'ਲਾਦ... ਨਾ ਐਂ ਬਾਣਾ ਪਾ ਕੇ ਤਾਂ ਗੁਰੂ ਦਾ ਸਿੰਘ ਨੀ ਬਣਿਆ ਜਾਣਾ... ਸਿੱਖੀ ਦਾ ਮੁਕਾਮ ਤਾਂ ਬਹੁਤ ਦੂਰ ਐ ਬਹੁਤ ਦੂਰ... ਤੇ ਅਹੁ ਵੱਡਾ ਕੀਰਤਨੀਆਂ ਪ੍ਰੋਫੈਸਰ ਗੁਰਕੀਰਤ ਸਿੰਘ... ਸੌ ਮਣ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ।" ਜੀਤੀ ਉਸ ਨੂੰ ਰਤਾ ਕੁ ਨੇੜਿਉਂ ਜਾਣਦੀ ਸੀ। ਇੱਕ ਵਾਰ ਉਸ ਦਾ ਵੀ ਵਾਹ ਪੈ ਗਿਆ ਸੀ ਪ੍ਰੋਫੈਸਰ ਹੁਰਾਂ ਨਾਲ। ਉਹ ਕੋਈ ਨੁਕਤਾ ਸਮਝਣ ਗਈ ਸੀ। ਗੁਰਕੀਰਤ ਸਿੰਘ ਨੇ ਹਰਜੀਤ

ਕੌਰ ਦੀ ਬਾਂਹ ਫੜ ਲਈ ਸੀ। ਜੀਤੀ ਜੇ ਉਸ ਵੇਲੇ ਹਰਜੀਤ ਕੌਰ ਦਾ ਰੂਪ ਧਾਰਨ ਕਰ ਗਈ ਸੀ ਪ੍ਰੋਫੈਸਰ 'ਤੇ ਝਪਟ ਪਈ ਸੀ। ਉਸ ਨੂੰ ਖਹਿੜਾ ਛੁਡਾਉਣਾ ਔਖਾ ਹੋ ਗਿਆ ਸੀ- "ਬੀ ਜੀ ਕਹਿੰਦੇ ਐ ਇਹਨੂੰ ਪਸੰਦ ਕਰ ਲਾਂ ਜਾਂ ਜਸਦੇਵ ਨੂੰ। ਕਰਦੀ ਐ ਪਸੰਦ ਮੇਰੀ ਜੁੱਤੀ।"

ਅਵਤਾਰ ਸਿਉਂ ਤੇ ਬੀਜੀ ਬਿਸ਼ਨ ਕੌਰ ਆਪਣੇ ਤੌਰ 'ਤੇ ਸੰਤਾਪ ਭੋਗ ਰਹੇ ਸਨ। ਅਜੇ ਉਨਾਂ ਨੂੰ ਆਪਣੀ ਧੀ ਵੱਲੋਂ ਲਿਆ ਗਿਆ ਇਹ ਸੰਕਲਪ ਹੀ ਓਪਰਾ ਤੇ ਕਠਿਨ ਲੱਗਦਾ ਸੀ। ਵੱਡਾ ਕਾਕਾ ਓਵਰਸੀਅਰ ਛੁੱਟੀ ਆਇਆ ਤਾਂ ਉਸ ਨੇ ਜੀਤੀ ਦਾ ਬਦਲਿਆ ਜਾਂ ਵਿਗੜਿਆ ਹੁਲੀਆ ਵੇਖ ਕੇ ਅਜੀਬ-ਅਜੀਬ ਸੁਆਲ ਕੀਤੇ ਸੀ-"ਤੁਸੀਂ ਪਾਪਾ ਜੀ ਕੁੜੀ ਨੂੰ ਰੋਕਦੇ ਕਿਉਂ ਨੀ?"

"ਰੋਕਣ ਰੁਕਾਉਣ ਦੀ ਗੱਲ ਨ੍ਹੀ ਰਹੀ ਪੁੱਤਰ। ਬੀਜੀ ਨੇ ਦਖ਼ਲ ਦਿੱਤਾ ਸੀ - "ਇਹ ਗੱਲ ਸਮਝਣ ਸਮਝਾਉਣ ਦੀ ਹੈ, ਪਰ ਹੁਣ ਇਹਤੋਂ ਵੀ 'ਗਾਂਹਾਂ ਟੱਪ ਗਈ।"

ਅਵਤਾਰ ਸਿਉਂ ਦੀ ਰਾਇ ਹੋਰ ਸੀ। ਉਹ ਕਹਿੰਦਾ ਸੀ ਕਿ ਉਸਦੀ ਧੀ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਦੀਆਂ ਗੱਲਾਂ ਕਰਦੀ ਐ... ਜੇ ਗੁਰੂ ਗੋਬਿੰਦ ਸਿੰਘ ਅੱਜ ਜਿਉਂਦੇ ਹੁੰਦੇ ਤਾਂ ਉਨ੍ਹਾਂ ਨੇ ਜ਼ਰੂਰ ਗਰੀਬਾਂ ਦੇ ਰਾਜ ਵਾਲ਼ੀਆਂ ਗੱਲਾਂ ਕਰਨੀਆਂ ਸਨ। ਜੇ ਉਹ ਅੱਜ ਹੋਣ ਤਾਂ ਲਿਆ ਦੇਣ ਗਰੀਬਾਂ ਦਾ ਰਾਜ।

ਅਵਤਾਰ ਸਿਉਂ ਨੇ ਅਖ਼ਬਾਰ ਲਵਾਈ ਹੋਈ ਸੀ। ਛੋਟਾ ਕਾਕਾ ਜੋ ਹਾਇਰ ਸੈਕੰਡਰੀ ਸਕੂਲ ਵਿੱਚ ਲੈਕਚਰਾਰ ਸੀ ਆਪਣੇ ਪਿਤਾ ਲਈ ਇਹ ਪ੍ਰਬੰਧ ਕਰ ਗਿਆ ਸੀ। ਉਹ ਸ਼ਹਿਰ ਦੀ ਲਾਇਬਰੇਰੀ 'ਚੋਂ ਵੀ ਕਈ ਚੰਗੀਆਂ ਪੁਸਤਕਾਂ ਲਿਆਉਂਦਾ। ਮਹੀਨੇ ਦੋ ਮਹੀਨਿਆਂ ਵਿਚ ਪੜ੍ਹ ਦਿੰਦਾ।

ਉਹ ਔਲਾਦ ਨਾਲ ਕਦੀ ਸਖਤੀ ਨਾਲ ਪੇਸ਼ ਨਹੀਂ ਸੀ ਆਇਆ। ਇਸੇ ਕਰਕੇ ਉਸਨੇ ਜੀਤੀ ਨੂੰ ਜ਼ਿਆਦਾ ਸਮਝਾਉਣ ਦਾ ਹਥਿਆਰ ਹੀ ਵਰਤਿਆ - "ਧੀਏ! ਤੂੰ ਜਿਸ 'ਖਾਲਸੇ ਦੇ ਬੋਲਬਾਲੇ' ਦੀ ਗੱਲ ਕਰਦੀ ਐ... ਉਹ ਪਟਿਆਲੀਏ ਜਾਂ ਫਰੀਦਕੋਟੀਏ ਰਾਜਿਆਂ ਤੇ ਹਜ਼ਾਰਾਂ ਏਕੜ ਜ਼ਮੀਨ ਵਾਲਿਆਂ ਦਾ ਨਹੀਂ ਧੀਏ... ਇਹ ਤਾਂ ਦਸਵੇਂ ਗੁਰੂ ਦੇ ਉਨ੍ਹਾਂ ਗਰੀਬਾਂ ਦਾ, ਕਿਰਤ ਕਮਾਈ ਕਰਨ ਵਾਲਿਆਂ ਦਾ, ਜਿਨ੍ਹਾਂ ਨੂੰ ਉਹ ਭੂਪ ਬਣਾਉਣਾ ਚਾਹੁੰਦੇ ਸਨ, ਰਾਜੇ... ਤੂੰ ਕਿਹੜੇ ਮਲੇਛ ਖ਼ਾਲਸੇ ਦਾ ਚਿੱਠਾ ਲੈ ਕੇ ਬੈਠ ਗਈ?"

ਉਹ ਜੀਤੀ ਦੀ ਮਾਂ ਅੱਗੇ ਗਿੜਗਿੜਾਉਂਦਾ - "ਜੀਤੀ ਦੀ ਮਾਂ, ਕੁੜੀ ਦੇ ਮਨ 'ਚੋਂ ਇਹ ਗੱਲ ਕਿਵੇਂ ਕੱਢੀਏ... ਜੇ ਇਤਿਹਾਸ ਦੀ ਵਿਦਿਆਰਥਣ ਏਸ ਰਾਹ ਤੁਰਜੇ ਤਾਂ ਉਸ ਨੂੰ ਮੋੜੂ ਕੌਣ... ਪੱਥਰ ਚੱਟੇ ਬਿਨਾਂ ਮੱਛੀ ਨੀ ਮੁੜਦੀ ਹੁੰਦੀ।"

ਬਿਸ਼ਨ ਕੌਰ ਆਪਣੀ ਥਾਂ ਕਰਮਾਂ ਨੂੰ ਝੂਰਦੀ ਸੀ-"ਜੀਤੀ ਦੇ ਪਾਪਾ! ਕੀ ਦੱਸਾਂ?-ਢਿੱਡ ਵਿੱਚ ਲਈ ਫਿਰਦੀ ਆਂ... ਕਿਤੇ ਭਾਸਰਨ ਜੋਗੀ ਨੀ... ਜੀਅ-ਜੀਅ ਜੀਭਾਂ ਕੱਢਦੈ... ਬਥੇਰੀਆਂ ਗੱਲਾਂ ਬਣਾਉਂਦੇ ਐ ਲੋਕੀਂ...। ਹੁਣ ਦੱਸ ਕਰੀਏ ਤਾਂ ਕੀ ਕਰੀਏ... ਅੱਗੋਂ ਪਿੱਛੋਂ ਤਾਂ ਗੱਲਾਂ ਕਰਦੀ ਐ ਦਸਤਾਰ ਵਾਲ਼ੇ ਸਿੰਘ ਦੀਆਂ ਪਰ ਜਦੋਂ ਕਿਸੇ ਗੱਭਰੂ ਮੁੰਡੇ ਨੂੰ ਵੇਖ ਲੈਂਦੀ ਐ-ਭੜਕ ਪੈਂਦੀ ਐ... ਇਹਨੂੰ ਤਾਂ ਕਿਸੇ ਡਾਕਟਰ ਨੂੰ ਵਿਖਾਈਏ ਮੈਂ ਕਹਿਨੀ ਆਂ।" ਬਿਸ਼ਨ ਕੌਰ ਗੱਲ ਨੂੰ ਮੋੜਾ ਦੇ ਗਈ।

ਅਜੇ ਬਿਸ਼ਨ ਕੌਰ ਚਾਹੁੰਦੀ ਸੀ ਕਿ ਜੀਤੀ ਦੇ ਪਾਪੇ ਕੋਲੋਂ ਗੱਲ ਦਾ ਪਰਦਾ ਹੀ ਰੱਖਿਆ ਜਾਵੇ। ਅਜੇ ਤਾਂ ਉਸ ਨੂੰ ਵੀ ਸ਼ੱਕ ਜਿਹਾ ਹੀ ਸੀ। ਇਸ ਮਹੀਨੇ ਉਸਦਾ ਸ਼ੱਕ ਪੱਕਾ ਹੋਈ ਜਾਂਦਾ ਸੀ ਪਰ ਜੀਤੀ ਕੋਈ ਕੰਨੀ ਨਹੀਂ ਸੀ ਫੜਾਉਂਦੀ। ਮਾਂ ਚਾਹੁੰਦੀ ਹੀ ਇਹ ਸੀ ਅਵਤਾਰ ਸਿਉਂ ਨੂੰ ਗੱਲ ਦਾ ਪਤਾ ਹੀ ਨਾ ਲੱਗੇ ਤਾਂ ਚੰਗਾ।

ਕਾਲਜੇ 'ਚ ਮੁੱਕੀਆਂ ਦੇਈ ਬੈਠੀ ਬਿਸ਼ਨ ਕੌਰ ਨੇ ਫਿਰ ਵੀ ਪਤਾ ਨਹੀਂ ਇੰਨੀ ਗੱਲ ਕਿਉਂ ਦੱਸ ਦਿੱਤੀ ਕਿ ਕੱਲ੍ਹ ਕੁੜੀ ਨੇ ਗੁਸਲਖਾਨੇ ਵਿਚ ਵੜ ਕੇ ਬੜੀ ਹਾਲ-ਦੁਹਾਈ ਕੀਤੀ ਸੀ ਆਖੇ - "ਸਿੰਘੋ ਥੋਨੂੰ ਪਤਾ ਨ੍ਹੀ ਕਿਵੇਂ ਪੁਲਸੀਆਂ ਨੇ ਉਸ ਸਿੰਘ ਦੀ ਗਰਭਵਤੀ ਸਿੰਘਣੀ ਨੂੰ ਤਸੀਹੇ ਦਿੱਤੇ ਕਿ ਉਸਦੇ ਗਰਭ ਵਿਚਲਾ ਜੀਅ ਸੰਸਾਰ 'ਤੇ ਆਉਣ ਤੋਂ ਪਹਿਲਾ ਹੀ ਖਤਮ ਕਰ ਦਿੱਤਾ ਬੁੱਚੜਾਂ ਨੇ..."

ਅਗਲੀ ਗੱਲ ਬਿਸ਼ਨ ਕੌਰ ਫੇਰ ਛੁਪਾ ਗਈ ਸੀ ਜੋ ਜੀਤੀ ਨੇ ਕੀਤੀ ਸੀ - "ਮੈਂ ਆਪਣੀ ਏਸ ਨਿਸ਼ਾਨੀ ਨਾਲ ਇਉਂ ਨਹੀਂ ਹੋਣ ਦੇਣਾ...ਮੇਰਾ ਸਿੰਘ ਬਾਬਾ ਦੀਪ ਸਿੰਘ ਦੀ ਔਲਾਦ ਹੋਊਗਾ...।" ਬਿਸ਼ਨ ਕੌਰ ਨੂੰ ਉਸਦਾ ਬੱਕੜਵਾਹ ਸੁਣ ਕੇ ਹੱਥਾਂ ਪੈਰਾਂ ਦੀ ਪੈ ਗਈ ਸੀ-ਨਾ ਜਾਣੇ ਕੋਈ ਗਲੀ-ਗੁਆਂਢ ਦਾ ਜਣਾ ਇਹ ਗੱਲ ਸੁਣ ਲਏ। ਬੱਸ ਇਕੋ ਸਾਰ ਆਖੀ ਜਾਏ - "ਕਿੱਥੇ ਐ ਮੇਰਾ ਸਿੰਘ, ਮੇਰਾ ਸਿੰਘ ਕਿੱਥੇ ਐ?"

ਫਿਰ ਆਪ-ਮੁਹਾਰੀ ਹੀ ਬਦਲ ਗਈ - "ਤੂੰ ਪਰ੍ਹੇ ਹੋ... ਤੂੰ ਮੇਰਾ ਸਿੰਘ ਨਹੀਂ ਅਖਵਾ ਸਕਦਾ... ਤੂੰ ਤਾਂ ਲੁਟੇਰਾ ਏਂ ਡਾਕੂ, ਬੇਦੋਸ਼ਿਆਂ ਦਾ ਕਾਤਲ, ਨਿਹੱਥਿਆਂ 'ਤੇ ਲੁਕ-

ਲੁਕ ਕੇ ਵਾਰ ਕਰਨ ਵਾਲ਼ਾ। ਬੱਚਿਆਂ ਬਿਰਧਾਂ ਤੇ ਤੀਵੀਆਂ ਨੂੰ ਕਤਲ ਕਰਨ ਵਾਲਾ, ਗੁਰੂ ਦਾ ਸਿੰਘ ਨਹੀਂ ਹੋ ਸਕਦਾ। ਪਰ੍ਹੇ ਹਟ ਬਲਾਤਕਾਰੀ।"

ਹਾਂ ਬਿਸ਼ਨ ਕੌਰ ਨੇ ਅਵਤਾਰ ਸਿਉਂ ਨੂੰ ਇਸ ਗੱਲੋਂ ਸਾਵਧਾਨ ਕਰ ਦਿੱਤਾ ਸੀ ਕਿ ਕੁੜੀ ਕਹਿੰਦੀ ਸੀ- "ਮੈਂ ਦਸਵੇਂ ਪਾਅਸ਼ਾ ਕੋਲ ਜਾਊਂਗੀ ਤੇ ਬੇਨਤੀ ਕਰੂੰਗੀ ਬਈ ਮਾਰ੍ਹਾਜ ਮੇਰਾ ਸਿੰਘ ਮੈਨੂੰ ਦੇ ਦਿਉ... ਗੋਲ ਦਸਤਾਰ ਵਾਲ਼ਾ ਸਿੰਘ। ਪਰ ਨਕਲੀ ਸਿੰਘਾਂ ਨੂੰ ਝਟਕ ਦਿਉ ਮ੍ਹਾਰਾਜ।"

ਅਵਤਾਰ ਸਿਉਂ ਬੜੀ ਦੁਖੀ ਅਵਸਥਾ ਵਿੱਚ ਸਿਰ ਸੁੱਟੀ ਬੈਠਾ ਰਿਹਾ ਸੀ ਤੇ ਬਿਸ਼ਨ ਕੌਰ ਦੱਸਦੀ ਗਈ ਸੀ-"ਮੈਂ ਪਤੈ ਕਿੰਨੀ ਹਾਲੀ ਹੋਕਰੇ ਮਾਰ-ਮਾਰ ਕੇ ਮਸਾਂ ਬਾਰ ਖੁਲ੍ਹਵਾਇਆ ਗੁਸਲਖਾਨੇ ਦਾ।"

ਬਿਸ਼ਨ ਕੌਰ ਨੇ ਕੁੱਝ ਗੱਲਾਂ ਫੇਰ ਛੁਪਾ ਲਈਆਂ ਸਨ। ਹਰਜੀਤ ਕੌਰ ਗਿੱਲੇ ਪਿੰਡੇ ਪੱਥਰ ਦੀ ਮੂਰਤ ਬਣੀ ਖੜੋਤੀ ਸੀ। ਉਸਦਾ ਰੋਣ ਥੰਮ੍ਹਦਾ ਨਹੀਂ ਸੀ-"ਜ਼ਾਲਮਾਂ ! ਮੈਂ ਤੇਰੇ ਮਾਰੂੰ ਗੋਲੀ ਜ਼ਾਲਮਾ! ਮੈਨੂੰ ਕਾਸੇ ਜੋਗਾ ਨਹੀਂ ਛੱਡਿਆ... ਜੇ ਉਹਨਾਂ ਪਾਪੀਆਂ ਨੇ ਸਾਡਾ ਦਰਬਾਰ ਰੋਲ 'ਤਾ, ਤਾਂ ਤੂੰ ਮੇਰਾ ਦਰਬਾਰ ਬਰਬਾਦ ਕਰਤਾ।"

ਮਾਂ ਨੇ ਲੱਖ-ਲੱਖ ਮਿੰਨਤਾਂ ਕੀਤੀਆਂ - "ਨਾ ਧੀਏ ਜੱਗ ਹਸਾਈ ਨਾ ਕਰ। ਪਹਿਲਾਂ ਈ ਬਥੇਰਾ ਲੋਕੀਂ ਮੂੰਹ ਵਿੱਚ ਨੀ ਪਾਉਂਦੇ।" ਤਾਂ ਕਿਤੇ ਜਾ ਕੇ ਕੁੜੀ ਨੇ ਕੱਪੜੇ ਪਾਏ ਨਹੀਂ ਤਾਂ ਉਹ ਇਕੱਲੇ ਕਛਹਿਰੇ ਵਿਚ ਹੀ ਬਾਹਰ ਨੂੰ ਭੱਜ-ਭੱਜ ਜਾਏ।

ਬਿਸ਼ਨ ਕੌਰ ਹੁਸ਼ਿਆਰੀ ਵਰਤ ਰਹੀ ਸੀ। ਉਹ ਹੋਰ-ਹੋਰ ਗੱਲਾਂ ਕਰਕੇ ਅਵਤਾਰ ਸਿਉਂ ਤੋਂ ਪਰਦਾ ਰੱਖ ਰਹੀ ਸੀ। ਉਸਦੇ ਨਾਟਕ ਦੀ ਅਜੇ ਅਵਤਾਰ ਸਿਉਂ ਨੂੰ ਸਮਝ ਨਹੀਂ ਸੀ ਆਈ। ਉਹ ਤਾਂ ਬਿਸ਼ਨ ਕੌਰ ਦੇ ਬੋਲਾਂ ਦਾ ਯਕੀਨ ਮੰਨੀ ਬੈਠਾ ਸੀ-"ਕਿਸੇ ਸਿਆਣੇ ਡਾਕਟਰ ਨੂੰ ਵਿਖਾਈਏ ਕੁੜੀ ਨੂੰ ਜੀਤੀ ਦੇ ਪਾਪਾ।" ਬਿਸ਼ਨ ਕੌਰ ਨੇ ਕਿਹਾ ਸੀ- "ਕਿਤੇ ਬਿਜਲੀਆਂ ਈ ਨਾ ਲਵਾਉਣੀਆਂ ਪੈ ਜਾਣ ਮਖਾਂ।"

ਅੱਜ, ਪਹਿਲੇ ਦਿਨਾਂ ਨਾਲੋਂ ਜੀਤੀ ਪਹਿਲਾਂ ਹੀ ਬਿਸਤਰੇ ਵਿੱਚ ਜਾ ਵੜੀ। ਮਾਂ-ਪਿਉ ਦੇਰ ਰਾਤ ਤੱਕ ਫ਼ਿਕਰ ਵਿੱਚ ਨਪੀੜੇ ਆਪਣੀ ਧੀ ਦੀਆਂ ਗੱਲਾਂ ਕਰਦੇ ਉਸਦੀ ਹਾਲਤ 'ਤੇ ਝੂਰਦੇ ਰਹੇ। ਅਵਤਾਰ ਸਿਉਂ ਨੇ ਸਲਾਹ ਬਣਾਈ - "ਕਿਸੇ ਮਨੋਵਿਗਿਆਨੀ ਦੀ ਰਾਇ ਕੱਲ੍ਹ ਨੂੰ ਜ਼ਰੂਰ ਲਵਾਂਗੇ।" ਬਿਸ਼ਨ ਕੌਰ ਨੇ ਚਿੱਤ ਵਿੱਚ ਹੀ ਕਿਹਾ-"ਕੱਲ੍ਹ ਨੂੰ ਜ਼ਰੂਰ ਲੇਡੀ ਡਾਕਟਰ ਦੇ ਕੋਲ਼ ਲੈ ਕੇ ਜਾਊਂ ਕੁੜੀ ਨੂੰ।"

ਜਦੋਂ ਦੁਹਾਂ ਨੂੰ ਹੀ ਨੀਂਦ ਆ ਚੱਲੀ ਸੀ ਤਾਂ ਬਿਸ਼ਨ ਕੌਰ ਨੇ ਇੱਕ ਹੋਰ ਗੱਲ ਆਖੀ ਸੀ-"ਲੈ ਕਦੇ ਕਦੇ ਉਕਾ ਹੀ ਠੀਕ ਹੋ ਜਾਂਦੀ ਐ ਜਿਵੇਂ ਕੁਛ ਹੋਇਆ ਈ ਨਾ ਹੋਵੇ।" ਅਵਤਾਰ ਸਿਉਂ ਦਾ ਦਿਲ ਟਿਕਾਉਣ ਦਾ ਹੀ ਜਤਨ ਸੀ ਇਹ। ਅਵਤਾਰ ਸਿਉਂ ਨੇ ਹੂੰ ਹਾਂ ਨਹੀਂ ਸੀ ਕੀਤੀ- ਬੱਸ ਲੰਮਾ ਹਉਕਾ ਖਿੱਚਿਆ ਸੀ।

ਸਵੇਰੇ ਅਵਤਾਰ ਸਿਉਂ ਨੂੰ ਰਤਾ ਸਵੇਰੇ ਜਾਗ ਆ ਗਈ। ਉਸਨੇ ਵੇਖਿਆ ਜੀਤੀ ਰੋਜ਼ ਵਾਂਗ ਕੇਸੀ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਦਾ ਪਾਠ ਨਹੀਂ ਸੀ ਕਰ ਰਹੀ ਅਤੇ ਨਾ ਹੀ ਉਹ ਆਪਣੇ ਬਿਸਤਰੇ ਵਿੱਚ ਸੁੱਤੀ ਹੋਈ ਸੀ। ਉਸਨੇ ਵੇਖਿਆ ਕਿ ਰਜਾਈ ਕੁੱਝ ਉਪਰ ਨੂੰ ਕਰਕੇ ਸਿੱਧੀ ਪਈ ਹੋਈ ਸੀ ਜਿਸ ਤੋਂ ਇਹ ਭੁਲੇਖਾ ਬਣਿਆ ਰਹੇ ਕਿ ਉਹ ਸੁੱਤੀ ਪਈ ਹੈ। ਫਿਰ ਵੀ ਅਵਤਾਰ ਸਿਉਂ ਨੂੰ ਸ਼ੱਕ ਜਿਹਾ ਪੈ ਗਿਆ ਸੀ।

ਅਵਤਾਰ ਸਿਉਂ ਨੇ ਕਾਹਲ਼ੀ ਵਿੱਚ ਰਜਾਈ ਇੱਕ ਪਾਸੇ ਕੀਤੀ ਤਾਂ ਉੱਥੇ ਕਾਗਜ਼ ਦਾ ਇਕ ਟੁਕੜਾ ਪਿਆ ਸੀ ਜਿਸ ਉੱਪਰ ਲਿਖਿਆ ਸੀ..."ਪਿਤਾ ਜੀ! ਖਿਮਾਂ ਬਖਸ਼ਣਾ, ਸਤਿਗੁਰੂ ਨੇ ਮੇਰੇ ਹਿੱਸੇ ਵਿੱਚ ਇਹ ਤਸੀਹਾ ਹੀ ਲਿਖਿਆ ਸੀ... ਮੈਨੂੰ ਇਥੇ ਮੇਰਾ ਸਿੰਘ ਨਹੀਂ ਮਿਲ਼ ਸਕਿਆ- ਉਹ ਇੱਥੇ ਮਿਲਣਾ ਵੀ ਨਹੀਂ... ਜੋ ਕੁੱਝ ਮੈਨੂੰ ਮਿਲਿਆ ਉਹ ਛਲੇਡਾ ਸੀ, ਮੈਂ ਤੁਹਾਡੇ ਮੱਥੇ ਨਹੀਂ ਮਾਰਨਾ ਚਾਹੁੰਦੀ... ਮੇਰੇ ਸੁਪਨਿਆਂ ਦਾ ਸਿੰਘ ਤਾਂ ਮੇਰੇ ਸ਼ਹਿਨਸ਼ਾਹ ਦੇ ਚਰਨਾਂ ਵਿੱਚ ਜਾ ਕੇ ਹੀ ਮਿਲ ਸਕਦਾ ਹੈ...। ਇਸ ਛੋਟੀ ਜਿਹੀ ਉਮਰ ਤੇ ਫਿਰ ਇਨ੍ਹਾਂ ਥੋੜੇ ਜਿਹੇ ਦਿਨਾਂ ਵਿੱਚ ਮੈਂ ਤੁਹਾਡੀ ਅਪਰਾਧਣ ਬਣ ਚੁੱਕੀ ਹਾਂ... ਬੱਸ ਮੈਂ ਦੱਸ ਨਹੀਂ ਸਕਦੀ- ਬੱਸ ਮੈਂ ਆਪਣੇ ਸਤਿਗੁਰੂ ਕੋਲ਼ ਹੀ ਜਾ ਰਹੀ ਹਾਂ।"

ਹੱਫਲੇ ਪਏ ਮਾਪਿਆਂ ਨੇ ਇਕ ਦਮ ਤਾਂ ਸੋਚਿਆ ਕਿ ਕੁੜੀ ਗੁਰਦੁਆਰੇ ਗਈ ਹੋਣੀ ਐਂ ਪਰ ਖ਼ਤ ਦੇ ਸ਼ਬਦਾਂ ਦੇ ਅਹਿਸਾਸ ਨੇ ਉਨ੍ਹਾਂ ਨੂੰ ਭਾਜੜਾਂ ਪਾ ਦਿੱਤੀਆਂ। ਜਦ ਬਿਸ਼ਨ ਕੌਰ ਬੈਠਕ ਵਿੱਚ ਗਈ ਤਾਂ ਜੀਤੀ ਕੇਸਰੀ ਦਸਤਾਰ ਪੱਖੇ ਨਾਲ ਬੰਨ੍ਹਣ ਲੱਗੀ ਹੋਈ ਸੀ।

"ਨੀ ਪੁੱਤ! ਕਿਉਂ ਪੱਟਣ ਲੱਗੀ ਐਂ? ਨੀ ਨਾ ਧੀਏ!" ਬਿਸ਼ਨ ਕੌਰ ਨੇ ਛੇਤੀ ਨਾਲ਼ ਕੱਪੜਾ ਕੁੜੀ ਦੇ ਹੱਥੋਂ ਖੋਹ ਲਿਆ। ਸਾਰੀ ਦੀ ਸਾਰੀ ਜੀਤੀ ਬੀਜੀ ਦੀ ਬੁੱਕਲ ਵਿੱਚ ਆ ਗਈ-"ਧੀਏ ਰਾਹ ਕੋਈ ਹੋਰ ਵੀ ਹੋਣੈ... ਇਹ ਤੂੰ ਕੀ ਕਰਨ ਲੱਗੀ ਸੀ? ਆਪਦੇ ਪਿਉ ਦੀ ਦਾੜ੍ਹੀ ਬੰਨੀ ੳ ਵੇਖ।"

*****